Excellence in Agri Info

# ਖੇਤੀ ਦੁਨੀਆਂ

ਭਾਰਤ ਦਾ ਇੱਕੋ-ਇੱਕ ਪੰਜਾਬੀ ਖੇਤੀਬਾੜੀ ਅਖਬਾਰ (ਨਿਊਜ਼-ਪੇਪਰ)

Rs.10/-

KHETI DUNIYAN, PATIALA

All Subject to Patiala Jurisdiction.

www.khetiduniyan.in

Editor : Jagpreet Singh • RNI/PUNPUN00806 • Issue Dated 28-09-2024 • Vol.42 No.39 • Ph. : 0175-2214575, 90410-14575 • Page : 16 E-mail : khetiduniyan1983@gmail.com

## ਬੀ ਟੀ ਕਾਟਨ 'ਤੇ ਝੁਲਸ ਰੋਗ ਦਾ ਹਮਲਾ

ਮਾਲਵਾ ਪੱਟੀ ਵਿਚ ਬੀਟੀ ਕਾਟਨ 'ਤੇ ਹੁਣ ਝੁਲਸ ਰੋਗ ਦਾ ਹਮਲਾ ਹੋ ਗਿਆ ਹੈ। ਖੇਤੀ ਮਹਿਕਮੇ ਨੇ ਮੰਨਿਆ ਹੈ ਕਿ ਕੁਝ ਥਾਵਾਂ 'ਤੇ ਨਰਮੇ ਦੇ ਬੂਟੇ ਸੁੱਕਣੇ ਸ਼ੁਰੂ ਹੋਏ ਹਨ ਪਰ ਇਸ ਨੂੰ ਝੁਲਸ ਰੋਗ ਹੋਣ ਤੋਂ ਇਨਕਾਰ ਕੀਤਾ ਹੈ। ਮਹਿਕਮੇ ਦਾ ਕਹਿਣਾ ਹੈ ਕਿ ਇਸ ਬਿਮਾਰੀ ਨੂੰ ਬੈਕਟੇਰੀਅਲ ਲੀਫ ਬਲਾਇਟ (ਪੱਤਿਆਂ 'ਤੇ ਧੱਬੇ



ਪਿੰਡ ਕੋਟਧਰਮੂ ਵਿੱਚ ਝੁਲਸ ਰੋਗ ਨਾਲ ਨੁਕਸਾਨੇ ਨਰਮੇ ਦੇ ਬੂਟੇ।

ਪੈਣਾ) ਕਹਿੰਦੇ ਹਨ ਤੇ ਇਹ ਦਵਾਈਆਂ ਦੇ ਛਿੜਕਾਅ ਨਾਲ ਠੀਕ ਹੋ ਜਾਂਦੀ ਹੈ। ਦੂਜੇ ਪਾਸੇ ਕਿਸਾਨ ਹੁਣ ਫਟਾ-ਫਟ ਸਪਰੇਆਂ ਕਰਨ ਲੱਗੇ ਹਨ ਪਰ ਉਨ੍ਹਾਂ ਨੂੰ ਸਪਰੇਅ ਕਰਨ ਲੱਗੇ ਹਨ ਪਰ ਉਨ੍ਹਾਂ ਨੂੰ ਸਪਰੇਅ ਕਰਨ ਦੇ ਬਾਵਜੂਦ ਕੋਈ ਕਾਮਯਾਬੀ ਨਹੀਂ ਮਿਲੀ। ਨਰਮੇ ਦੀ ਫਸਲ ਨੂੰ ਇਹ ਬਿਮਾਰੀ ਉਸ ਸਮੇਂ ਪਈ, ਜਦੋਂ ਬੂਟੇ ਟੀਡਿਆਂ ਅਤੇ ਫੁੱਲਾਂ ਨਾਲ ਲੱਦੇ ਹੋਏ ਸਨ ਅਤੇ ਫਸਲ ਪੱਕਣ ਵਾਲੇ ਪਾਸੇ ਵੱਧ ਰਹੀ ਸੀ। ਕਿਸਾਨਾਂ ਨੂੰ ਇਸ ਵਾਰ 30-35 ਮਣ ਨਰਮਾ ਨਿਕਲਣ ਦੀ ਉਮੀਦ ਸੀ ਪਰ ਉਨ੍ਹਾਂ ਨੂੰ ਹੁਣ ਆਸ ਅਨੁਸਾਰ ਨਰਮਾ ਨਿਕਲਣ ਦੀ ਉਮੀਦ ਨਹੀਂ ਹੈ।

### ਕੋਲਡ ਸਟੋਰਾਂ ਤੋਂ

# ਆਲੂਆਂ ਦੇ ਨਿਰੋਗੀ ਬੀਜ ਦੀ ਚੋਣ ਕਰੋ



**ਰੋਗੀ ਬੀਜ ਆਲੂਆਂ ਦੀ ਫਸਲ ਵਿਚ ਬਿਮਾਰੀਆਂ ਦਾ ਮੁੱਖ ਸੋਮਾ ਹੁੰਦੇ ਹਨ, ਇਸ ਲਈ ਰੋਗੀ ਬੀਜ ਤੋਂ ਲੱਗਣ ਵਾਲੀਆਂ ਬਿਮਾਰੀਆਂ ਦੀ ਰੋਕਥਾਮ ਕਰਨ ਲਈ ਸ਼ੁਰੂ ਤੋਂ ਹੀ ਸੁਚੇਤ ਰਹਿਣਾ ਬਹੁਤ ਜ਼ਰੂਰੀ ਹੈ।**

ਨਿਰੋਗੀ ਬੀਜ ਆਲੂਆਂ ਦੀ ਰੋਗ ਰਹਿਤ ਫਸਲ ਪੈਦਾ ਕਰਨ ਦੀ ਕੁੰਜੀ ਹੈ। ਰੋਗੀ ਬੀਜ ਆਲੂਆਂ ਦੀ ਫਸਲ ਵਿਚ ਬਿਮਾਰੀਆਂ ਦਾ ਮੁੱਖ ਸੋਮਾ ਹੁੰਦੇ ਹਨ, ਇਸ ਲਈ ਰੋਗੀ ਬੀਜ ਤੋਂ ਲੱਗਣ ਵਾਲੀਆਂ ਬਿਮਾਰੀਆਂ ਦੀ ਰੋਕਥਾਮ ਕਰਨ ਲਈ ਸ਼ੁਰੂ ਤੋਂ ਹੀ ਸੁਚੇਤ ਰਹਿਣਾ ਬਹੁਤ ਜ਼ਰੂਰੀ ਹੈ। ਜਿਵੇਂ ਕਿ ਹੁਣ ਕੋਲਡ ਸਟੋਰਾਂ ਵਿਚੋਂ ਬੀਜ ਕੱਢਣ ਦਾ ਸਮਾਂ ਸ਼ੁਰੂ ਹੋ ਰਿਹਾ ਹੈ, ਬੀਜ ਬਾਹਰ ਕੱਢਣ ਮਗਰੋਂ ਆਲੂਆਂ ਦੀ ਜਾਂਚ-ਪੜਤਾਲ ਅਤੇ ਰੋਗੀ ਆਲੂਆਂ ਦੀ ਛਾਂਟੀ ਬਹੁਤ ਜ਼ਰੂਰੀ ਹੈ। ਆਲੂਆਂ ਦੇ ਜ਼ਿਆਦਾਤਰ ਭਿਆਨਕ ਰੋਗ (ਜਿਵੇਂ ਕਿ ਵਿਸ਼ਾਣੂੰ ਰੋਗ, ਪਿਛੇਤਾ ਝੁਲਸ ਰੋਗ, ਖਰੀਂਢ ਰੋਗ ਅਤੇ ਧੱਫੜੀ ਰੋਗ ਆਦਿ) ਬੀਜ ਰਾਹੀਂ ਹੀ ਫੈਲਦੇ ਹਨ, ਜੋ ਪੰਜਾਬ ਵਿਚ ਆਲੂ ਦੀ ਪੈਦਾਵਾਰ ਅਤੇ ਜ਼ਿਮੀਦਾਰਾ ਦਾ ਮੁਨਾਫਾ ਘਟਾਉਣ ਦਾ ਕਾਰਨ ਬਣਦੇ ਹਨ।

ਪਿਛੇਤੇ ਝੁਲਸ ਰੋਗ ਵਾਲੇ ਆਲੂਆਂ ਦੀ ਪਹਿਚਾਣ ਇਨ੍ਹਾਂ ਦੀ ਛਿੱਲੜ ਉੱਪਰ ਪਾਏ ਜਾਣ ਵਾਲੇ ਭੂਰੇ ਰੰਗ ਦੇ ਧੱਬਿਆਂ ਤੋਂ ਕੀਤੀ ਜਾ ਸਕਦੀ ਹੈ। ਅਜਿਹੇ ਝੁਲਸ ਰੋਗ ਨਾਲ ਪ੍ਰਭਾਵਿਤ ਆਲੂਆਂ ਨੂੰ ਆਮ ਤੌਰ ਤੇ ਪਹਾੜੀ ਖੇਤਰਾਂ ਵਿਚ 'ਪੱਥਰ ਦਾਗ' ਵਾਲੇ ਆਲੂ ਵੀ ਕਿਹਾ ਜਾਂਦਾ ਹੈ। ਬਿਜਾਈ ਤੋਂ ਪਹਿਲਾਂ ਕਿਸਾਨਾਂ ਨੂੰ ਇਹ ਧਿਆਨ ਦੇਣਾ ਚਾਹੀਦਾ ਹੈ ਕਿ ਬੀਜ ਲਈ ਵਰਤੇ ਜਾਣ ਵਾਲੇ ਆਲੂ ਪਿਛੇਤੇ ਝੁਲਸ ਰੋਗ ਤੋਂ ਮੁਕਤ ਹੋਣੇ ਚਾਹੀਦੇ ਹਨ। ਬੀਜ ਵਾਲੇ ਆਲੂਆਂ ਨੂੰ ਠੰਡੇ ਗੋਦਾਮਾਂ ਵਿੱਚ ਰੱਖਣ ਤੋਂ ਪਹਿਲਾਂ ਅਤੇ ਕੱਢਣ ਤੋਂ ਬਾਅਦ ਬਿਜਾਈ ਸਮੇਂ, ਇਨ੍ਹਾਂ ਵਿਚੋਂ ਬਿਮਾਰੀ ਵਾਲੇ ਦਾਗੀ ਆਲੂ ਛਾਂਟ ਕੇ ਨਸ਼ਟ ਕਰਨ ਬਾਬਤ ਕਿਸਾਨਾਂ ਨੂੰ ਸੁਚੇਤ ਕੀਤਾ ਜਾਂਦਾ ਹੈ।

ਖਰੀਂਢ ਰੋਗ ਦੇ ਹਮਲੇ ਨਾਲ ਆਲੂਆਂ ਉੱਤੇ ਕਾਲੇ ਰੰਗ ਦੇ ਖੁਰਦਰੇ ਖਰੀਂਢ ਵਰਗੀਆਂ ਕਾਲੇ ਰੰਗ ਦੀਆਂ ਮਘਰੋੜੀਆਂ ਬਣ ਜਾਂਦੀਆਂ ਹਨ। ਅਸਲ ਵਿਚ ਇਹ ਖਰੀਢ ਉੱਲੀ ਦੀਆਂ ਮਘਰੋੜੀਆਂ ਹੁੰਦੀਆਂ ਹਨ ਜੋ ਇਸ ਤਰ੍ਹਾਂ ਜਾਪਦੀਆਂ ਹਨ ਜਿਵੇਂ ਆਲੂਆਂ ਤੇ ਕਾਲੇ ਰੰਗ ਦੀ ਮਿੱਟੀ ਜੰਮੀ ਹੋਵੇ ਜਿਹੜੀ ਕਿ ਪਾਣੀ ਨਾਲ ਧੋਣ ਮਗਰੋਂ ਵੀ ਨਹੀਂ ਉੱਤਰਦੀ। ਧੱਫੜੀ ਰੋਗ ਤੋਂ ਪ੍ਰਭਾਵਿਤ ਆਲੂਆਂ ਉੱਤੇ 0.5 ਤੋਂ 1.0 ਸੈਂਟੀਮੀਟਰ ਆਕਾਰ ਦੇ ਖੁਰਦਰੇ ਗੋਲ ਅਤੇ ਡੂੰਘੇ ਨਿਸ਼ਾਨ ਪੈ ਜਾਂਦੇ ਹਨ। ਇਨ੍ਹਾਂ ਆਲੂਆਂ ਨੂੰ ਛਾਂਟੀ ਕਰਕੇ ਵੱਖ ਕਰ ਲਓ ਅਤੇ ਬੀਜ ਲਈ ਨਾ ਵਰਤੋ। ਖਰੀਂਢ ਅਤੇ ਧੱਫੜੀ ਰੋਗ ਜਿਹੀਆਂ ਬਿਮਾਰੀਆਂ ਜ਼ਮੀਨ ਅਤੇ ਰੋਗੀ ਆਲੂਆਂ ਤੇ ਜਿਉਂਦੀਆਂ ਰਹਿੰਦੀਆਂ ਹਨ। ਅਜਿਹੇ ਰੋਗੀ ਆਲੂਆਂ ਦੀ ਬਿਜਾਈ ਕਰਨ ਨਾਲ ਲਗਾਤਾਰ ਇਨ੍ਹਾਂ ਬਿਮਾਰੀਆਂ ਦਾ ਜ਼ਮੀਨ ਵਿਚ ਵਾਧਾ ਹੋ ਰਿਹਾ ਹੈ। ਇਸ ਤੋਂ ਇਲਾਵਾ ਰੋਗੀ ਆਲੂਆਂ ਨੂੰ ਟੋਆ ਪੁੱਟ ਕੇ ਨਸ਼ਟ ਕਰਨ ਨਾਲ ਕਾਫੀ ਹੱਦ ਤੱਕ ਬਿਮਾਰੀਆਂ ਅੱਗੇ ਨਵੇਂ ਖੇਤਾਂ ਜਾਂ ਖੇਤਰ 'ਚ ਨਹੀਂ ਫੈਲਣਗੀਆਂ।

ਖਰੀਂਢ ਰੋਗ ਤੋਂ ਬਚਾਅ ਲਈ ਬਿਜਾਈ ਤੋਂ ਪਹਿਲਾਂ ਬੀਜ ਵਾਲੇ ਆਲੂਆਂ ਨੂੰ ਕੋਲਡ ਸਟੋਰ ਤੋਂ ਬਾਹਰ ਕੱਢਣ ਤੋਂ ਮਗਰੋਂ ਸਿਸਟੀਵਾ (ਫਲੋਕਸਾਪਾਇਰੋਜ਼ੈੱਡ 333 ਗ੍ਰਾਮ ਪ੍ਰਤੀ ਲਿਟਰ ਐਫ ਐਸ) 80 ਮਿ.ਲਿ. 8 ਲਿਟਰ ਪਾਣੀ ਘੋਲ ਬਣਾ ਕੇ ਆਲੂਆਂ ਨੂੰ 80 ਮਿ.ਲਿ., ਪ੍ਰਤੀ 100 ਲਿਟਰ ਪਾਣੀ ਵਿਚ ਘੋਲ ਬਣਾ ਕੇ ਡੁਬੋ ਦਿਓ ਜਾਂ ਇਮੈਸਟੋ ਪ੍ਰਾਇਮ (ਪੈਲਫਲੂਫਿਨ 22.43 ਐਫ ਐਸ) 8.3 ਐਮ ਐਲ ਜਾਂ ਮੋਨਸਰਨ (ਪੈਨਸੀਕਿਊਰੋਲ) 2.5 ਮਿ.ਲਿ. ਪ੍ਰਤੀ ਲਿਟਰ ਪਾਣੀ ਵਿਚ ਘੋਲ ਬਣਾ ਕੇ 10 ਮਿੰਟ ਲਈ ਡੁਬੋ ਦਿਓ।

**ਸੰਦੀਪ ਜੈਨ, ਅਮਰਜੀਤ ਸਿੰਘ ਅਤੇ ਰੀਤੂ ਰਾਣੀ,**
**ਪੌਦਾ ਰੋਗ ਵਿਭਾਗ, ਮੋਬਾਇਲ : 98723-22880**



ਕਿਸਾਨ ਵੀਰੋ!

## ਪਰਾਲੀ ਨਾ ਸਾੜੋ

- ★ ਪਰਾਲੀ ਸਾੜਨ ਨਾਲ ਵਾਤਾਵਰਨ ਪ੍ਰਦੂਸ਼ਿਤ ਹੁੰਦਾ ਹੈ, ਬਹੁਤ ਸਾਰੇ ਜੀਵ ਖਤਮ ਹੋ ਜਾਂਦੇ ਹਨ, ਮਿੱਟੀ ਲਈ ਜ਼ਰੂਰੀ ਜੈਵਿਕ ਤੱਤ ਨਸ਼ਟ ਹੋ ਜਾਂਦੇ ਹਨ।
- ★ ਪਰਾਲੀ ਨੂੰ ਖੇਤ ਵਿੱਚ ਵਾਹ ਕੇ ਕਈ ਰਸਾਇਣਕ ਤੱਤਾਂ ਦੀ ਬੱਚਤ ਹੁੰਦੀ ਹੈ।
- ★ ਖੇਤ ਵਿੱਚ ਪਰਾਲੀ ਸੰਭਾਲਣ ਲਈ ਬਹੁਤ ਸਾਰੀ ਕਾਰਗਰ ਮਸ਼ੀਨਰੀ ਮੌਜੂਦ ਹੈ।
- ★ ਖੇਤ ਤੋਂ ਬਾਹਰ ਪਰਾਲੀ ਸੰਭਾਲ ਕੇ ਮੁਨਾਫੇ ਦੇ ਕਈ ਰਾਹ ਹਨ।
- ★ ਆਉਣ ਵਾਲੀਆਂ ਪੀੜ੍ਹੀਆਂ ਨੂੰ ਸ਼ੁੱਧ ਵਾਤਾਵਰਣ ਦਿਓ।
- ★ ਖੇਤ ਵਿੱਚ ਹੀ ਪਰਾਲੀ ਨੂੰ ਸੰਭਾਲਣ ਲਈ ਪੀ ਏ ਯੂ ਦੀ ਸੁਪਰ ਐੱਸ. ਐੱਮ. ਐੱਸ, ਉਲਟਾਵੇਂ ਹੱਲ ਅਤੇ ਰੋਟਾਵੇਟਰ ਤਕਨੀਕਾਂ ਨੂੰ ਅਪਣਾਓ।
- ★ ਖੜ੍ਹੀ ਪਰਾਲੀ ਵਿੱਚ ਹੀ ਹੈਪੀ ਸੀਡਰ ਮਸ਼ੀਨ ਨਾਲ ਕਣਕ ਦੀ ਸਿੱਧੀ ਬਿਜਾਈ ਨੂੰ ਹੀ ਤਰਜ਼ੀਹ ਦਿਉ।
- ★ ਇਨ੍ਹਾਂ ਢੰਗਾਂ ਨਾਲ ਮਿੱਟੀ ਦੀ ਉਪਜਾਊ ਸ਼ਕਤੀ ਵਧਦੀ ਹੈ, ਝਾੜ ਬਿਹਤਰ ਹੁੰਦਾ ਹੈ ਅਤੇ ਨਦੀਨ ਘੱਟ ਉੱਗਦੇ ਹਨ।
- ★ ਆਓ ਪਰਾਲੀ ਸਾੜਨ ਦੇ ਰੁਝਾਨ ਨੂੰ ਰੋਕੀਏ।

**ਆਓ ਪਰਾਲੀ ਸਾੜਨ ਦੇ ਰੁਝਾਨ ਨੂੰ ਰੋਕੀਏ!**
**ਆਉਣ ਵਾਲੀਆਂ ਪੀੜ੍ਹੀਆਂ ਨੂੰ ਸ਼ੁੱਧ ਵਾਤਾਵਰਨ ਦੇਈਏ!!**

# ਖੂਹ ਦੀ ਮਿੱਟੀ ਖੂਹ ਵਿੱਚ - ਜ਼ਮੀਨਾਂ ਗਹਿਣੇ - ਕਿਸਾਨ ਖੁਦਕੁਸ਼ੀਆਂ ਵੱਲ



ਡਾ. ਅਮਨਪ੍ਰੀਤ ਸਿੰਘ ਬਰਾੜ
ਮੋ: 96537-90000

**ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਮੇਲੇ (13 ਸਤੰਬਰ 2024) ਵਿਚ ਜਾਣ ਦਾ ਸਬੱਬ ਬਣਿਆ। ਮੁੱਖ ਮੇਲਾ ਗਰਾਊਂਡ ਵਿਚ ਦੋ ਤਰ੍ਹਾਂ ਦੇ ਸਟਾਲ ਸਨ ਇੱਕ ਪਾਸੇ ਯੂਨੀਵਰਸਿਟੀ ਦੇ ਤਕਨੀਕੀ ਜਾਣਕਾਰੀ ਦੇ ਸਟਾਲ ਜੋ ਮੇਲਾ ਗਰਾਊਂਡ ਦੇ ਇੱਕ ਪਾਸੇ 5 ਫੀਸਦੀ ਜਗ੍ਹਾ ਵਿਚ ਸਨ। ਬਾਕੀ 95 ਫੀਸਦੀ ਜਗ੍ਹਾ ਵਿਚ ਸਨ। ਬਾਕੀ 95 ਫੀਸਦੀ ਜਗ੍ਹਾ ਮਸ਼ੀਨਰੀ ਨੇ ਘੇਰੀ ਹੋਈ ਸੀ ਜਿਸ ਵਿਚ ਮੁੱਖ ਤੌਰ ਤੇ ਟਰੈਕਟਰ, ਕੰਬਾਈਨਾਂ, ਪਰਾਲੀ ਸਾਂਭਣ ਦੀਆਂ ਮਸ਼ੀਨਾਂ ਅਤੇ ਟਰੈਕਟਰਾਂ ਨਾਲ ਲੱਗਣ ਵਾਲੇ ਵੱਖ-ਵੱਖ ਤਰ੍ਹਾਂ ਦੇ ਸੰਦ। ਕੀ ਦੇਖਦੇ ਹਾਂ ਇਹ ਮਸ਼ੀਨਰੀ 50 ਤੋਂ 90 ਹਾਰਸ ਪਾਵਰ ਤੱਕ ਦੀ ਹੈ। ਮੰਨੋ ਇਹ ਟਰੈਕਟਰ ਕਨੇਡਾ, ਅਮਰੀਕਾ ਜਾਂ ਆਸਟ੍ਰੇਲੀਆ ਦੇ ਫਾਰਮਾਂ 'ਤੇ ਚੱਲਣੇ ਹਨ। ਉਹ ਮਸ਼ੀਨਰੀ ਜਿਸ ਨਾਲ ਹਰੀ ਕ੍ਰਾਂਤੀ ਆਈ ਅਤੇ ਤਕਰੀਬਨ 2010 ਤੱਕ ਚਲਦੀ ਰਹੀ ਉਹ ਟਰੈਕਟਰ ਅਤੇ ਸੰਦ ਮੇਲੇ ਦੇ ਸਟਾਲਾਂ ਤੋਂ ਗਾਇਬ ਸਨ। ਮੇਰਾ ਕਹਿਣ ਦਾ ਭਾਵ ਜਦੋਂ ਜ਼ਮੀਨਾਂ ਹੁਣ ਨਾਲੋਂ ਵੱਧ ਸਨ ਉਦੋਂ 25 ਤੋਂ 45 ਹਾਰਸ ਪਾਵਰ ਦੇ ਟਰੈਕਟਰਾਂ ਨਾਲ ਕੰਮ ਚੱਲੀ ਜਾਂਦਾ ਸੀ। ਅੱਜ ਉਸ ਤੋਂ ਘੱਟ ਜ਼ਮੀਨ ਵਿਚ (42 ਲੱਖ ਹੈਕਟੇਅਰ ਦੀ ਬਜਾਏ 40.43) ਟਰੈਕਟਰਾਂ ਦੀ ਹਾਰਸ ਪਾਵਰ ਦੋ ਗੁਣਾਂ ਹੋ ਗਈ। ਕਣਕ-ਝੋਨਾ ਉਦੋਂ ਵੀ ਸੀ ਕਣਕ-ਝੋਨਾ ਹੁਣ ਵੀ ਹੈ। 10.92 ਲੱਖ ਆਪਰੇਸ਼ਨਲ ਹੋਲਡਿੰਗ 5.25 ਲੱਖ ਟਰੈਕਟਰ (ਇਹ ਅੰਕੜਾ ਘੱਟ ਲੱਗਦਾ ਹੈ)। ਹਰ ਸਾਲ 50000 ਤੋਂ ਵੱਧ ਨਵੇਂ ਟਰੈਕਟਰ ਪੰਜਾਬ ਵਿਚ ਵਿਕਦੇ ਹਨ।**




### ਤਬਦੀਲੀ ਕਿੱਥੇ

ਸਾਲ 2009 ਦਾ ਵਾਟਰ ਕੰਜ਼ਰਵੇਸ਼ਨ ਐਕਟ ਅਤੇ ਐਕਟ ਪਾਸ ਕੀਤਾ ਜਿਸ ਤਹਿਤ ਝੋਨਾ 20 ਜੂਨ ਤੋਂ ਪਹਿਲਾਂ ਲਾਉਣ ਦੀ ਮਨਾਹੀ ਕੀਤੀ। ਜਿਸ ਦਾ ਮਤਲਬ ਜੇ ਝੋਨਾ ਲੱਗੂ-ਪਛੇਤਾ ਪੱਕੂ ਉਦੋਂ ਮੌਸਮ ਠੰਡਾ ਹੋ ਜਾਂਦਾ ਹੈ ਉਹ ਪਰਾਲੀ ਸਿੱਲੀ ਰਹਿੰਦੀ ਹੈ ਅਤੇ ਸੜਦੀ ਵੀ ਚੰਗੀ ਤਰ੍ਹਾਂ ਨਹੀਂ ਧੂੰਆਂ ਜ਼ਿਆਦਾ ਕਰਦੀ ਹੈ ਅਤੇ ਖੇਤ ਵਿਚ ਵਾਹੁਣ ਲੱਗਿਆਂ ਵੀ ਛੇਤੀ ਗਲਦੀ ਨਹੀਂ। ਦੂਜੀ ਜਿਹਨਾਂ ਨੇ ਖੇਤਾਂ ਵਿਚ ਕੰਮ ਕੀਤਾ ਹੈ ਉਹ ਜਾਣਦੇ ਹਨ ਕਿ ਪਰਾਲੀ ਦਾ ਫੂਸ ਜਿਹੜਾ ਕੰਬਾਈਨ ਵਿਚੋਂ ਨਿਕਲਦਾ ਹੈ ਉਹ ਤਵੀਆਂ ਲੱਗਣ ਨਹੀਂ ਦਿੰਦਾ। 2009-10 ਤੋਂ ਪਹਿਲਾਂ ਲੋਕੀ ਕੰਬਾਈਨ ਦੇ ਕੱਟੇ ਝੋਨੇ ਦੀ ਪਰਾਲੀ ਦੀਆਂ ਲਾਈਨਾਂ ਸਾੜ ਦਿੰਦੇ ਸੀ। ਜਿਸ ਨਾਲ ਤਕਰੀਬਨ ਚੌਥਾ ਹਿੱਸਾ ਪਰਾਲੀ ਸੜ ਜਾਂਦੀ ਸੀ ਅਤੇ ਬਾਕੀ ਖੜ੍ਹੇ ਕਰਚੇ ਤਵੀਆਂ ਕੁਤਰ ਦਿੰਦੀਆਂ ਸਨ। ਦਿੱਲੀ ਦੇ ਲੋਕਾਂ ਤੋਂ ਨਵੰਬਰ ਦੇ ਮਹੀਨੇ ਪ੍ਰਦੂਸ਼ਣ ਠੀਕ ਨਹੀਂ ਆਉਂਦਾ। ਭਾਂਡਾ ਪੰਜਾਬ ਦੇ ਕਿਸਾਨਾਂ ਸਿਰ ਭੰਨਿਆ ਜਾਂਦਾ ਹੈ ਹਾਲਾਂਕਿ ਹਵਾ ਦੇ ਰੁੱਖ ਦੇ ਹਿਸਾਬ ਨਾਲ ਇਹ ਸਿੱਧ ਹੋ ਗਿਆ ਕਿ ਪੰਜਾਬ ਦਾ ਧੂੰਆਂ-ਦਿੱਲੀ ਵੱਲ ਨਹੀਂ ਜਾਂਦਾ। ਪਰ ਪੁਲਿਸ ਦੇ ਪਰਚਿਆਂ, ਜਮਾਂਬੰਦੀਆਂ ਵਿਚ ਲਾਲ ਐਂਟਰੀਆਂ ਨੇ ਕਿਸਾਨਾਂ ਨੂੰ ਅਰਬਾਂ-ਖਰਬਾਂ ਦੀ ਮਸ਼ੀਨਰੀ ਲੈਣ ਲਈ ਮਜਬੂਤ ਕਰ ਦਿੱਤਾ। ਜਿਹੜੀ ਸਾਲ ਵਿਚ ਹਫਤਾ-ਦੱਸ ਦਿਨ ਵੀ ਨਹੀਂ ਵਰਤੀ ਜਾਂਦੀ। ਦੂਜੇ ਪਾਸੇ ਕਾਰਪੋਰੇਟਾਂ ਨੇ ਸਰਕਾਰ ਤੋਂ ਮਹਿੰਗੀ ਮਸ਼ੀਨਰੀ ਤੇ ਸਬਸਿਡੀ ਸ਼ੁਰੂ ਕਰਵਾ ਦਿੱਤੀ। ਸਬਸਿਡੀ ਦੇ ਲਾਲਚ ਵਿਚ ਕਿਸਾਨ ਖਰੀਦਣ ਨੂੰ ਉਤਸ਼ਾਹਿਤ ਹੋ ਗਏ। ਪਰ ਮਸ਼ੀਨਰੀ ਵਾਲਿਆਂ ਨੇ ਰੇਟ ਚੱਕ ਦਿੱਤੇ ਅਖੀਰ ਸਬਸਿਡੀ ਦਾ ਲਾਭ ਫੇਰ ਕਾਰਪੋਰੇਟਾਂ ਨੂੰ। ਸਰਕਾਰ ਨੇ ਇਕ ਹੋਰ ਸਕੀਮ ਕੱਢੀ ਹੈ ਜਿਸ ਅਨੁਸਾਰ ਕਿਸੇ ਵੀ ਕੰਪਨੀ ਨੂੰ 30 ਲੱਖ ਦਾ ਟਰੈਕਟਰ ਅਤੇ ਹੋਰ ਸੰਦ, ਖਰੀਦਣ ਲਈ 80 ਫੀਸਦੀ ਸਬਸਿਡੀ ਦਿੱਤੀ ਜਾਂਦੀ ਹੈ। ਹੁਣ ਕਿਸਾਨਾਂ ਦੀਆਂ ਤਾਂ ਕੰਪਨੀਆਂ ਹੈ ਨਹੀਂ ਸਬਸਿਡੀ ਕਿੱਥੇ ਜਾਂਦੀ ਹੈ। ਦੂਜੇ ਪਾਸੇ ਜਦੋਂ ਸ਼ਰੀਕੇ ਬਾਜੀ ਵਿਚ ਇਕ ਨੇ ਵੱਡਾ ਟਰੈਕਟਰ ਲੈ ਆਂਦਾ ਫਿਰ ਤਾਏ-ਚਾਚੇ ਦਾ ਮੁੰਡਾ ਕਿਵੇਂ ਪਿਛੇ ਰਹਿ ਜਾਵੇਗਾ। ਇਹੋ ਲੜੀ ਚੱਲੀ ਜਾਂਦੀ ਕਰਜਾ ਵਧੀ ਜਾਂਦਾ ਹੈ। ਪਾਣੀ ਅਤੇ ਸਾਫ ਵਾਤਾਵਰਨ ਦੀ ਲੋੜ ਹਰ ਇਕ ਇਨਸਾਨ



ਨੂੰ ਪਰ ਖਮਿਆਜਾ ਇਕੱਲਾ ਕਿਸਾਨ ਭੁਗਤਦਾ ਹੈ।

ਸਰਕਾਰਾਂ ਨੇ ਖੇਤੀ ਸੰਬੰਧੀ ਕੋਈ ਨੀਤੀ ਹੀ ਨਹੀਂ ਬਣਾਈ। ਪੰਜਾਬ ਸਰਕਾਰ ਨੇ ਕਈ ਵੇਰ ਕਮੇਟੀਆਂ ਬਣਾਈਆਂ, ਪ੍ਰਾਈਵੇਟ ਕੰਪਨੀਆਂ ਨੂੰ ਪੈਸੇ ਵੀ ਦਿੱਤੇ ਪਰ ਕਦੇ ਖੇਤੀ ਨੀਤੀ ਅਪਣਾਈ ਨਹੀਂ ਗਈ। ਮਸ਼ੀਨਰੀ ਦੇ ਸਿਲਸਿਲੇ ਵਿਚ ਸਾਇੰਸਦਾਨਾਂ ਨੇ ਵੀ ਮੌਕੇ ਮੁਤਾਬਿਕ ਟੋਟਕੇ ਛੱਡੇ ਹਨ। ਸਿਸਟਮ ਅਧਾਰਿਤ ਹੰਢਣਸਾਰ ਤਕਨੀਕਾਂ ਘੱਟ ਦਿੱਤੀਆਂ ਹਨ। ਪਹਿਲਾਂ ਝੋਨੇ ਵਾਲੀ ਜ਼ਮੀਨ ਦਾ ਕੜ (Plough Pan) ਤੋੜਨ ਲਈ ਡੂੰਘੀ ਵਹਾਈ ਲਈ ਚਿਸਲਰ ਅਤੇ ਚੁੰਝ ਹਲ ਕੱਢੇ ਗਏ। ਫਿਰ ਕਣਕ ਦੀ ਬਿਜਾਈ ਛੇਤੀ ਕਰਨ ਲਈ ਜ਼ੀਰੋ ਟਿੱਲ ਡਰਿੱਲ (ਬਿਲਕੁਲ ਉਲਟ ਜਾਂ ਡੂੰਘੀ ਵਾਹੋ ਜਾਂ ਨਾਂਹ ਵਾਹੋ), ਫਿਰ ਹੈਪੀ ਸੀਡਰ, ਸੁਪਰ ਸੀਡਰ ਅਤੇ ਹੁਣ ਫਿਰ ਸਰਫੇਸ ਸੀਡਰ-ਜਿਸ ਦਾ ਮਤਲਬ ਖੜੀ ਪਰਾਲੀ ਵਿਚ ਕਣਕ ਦਾ ਛਿੱਟਾ ਦੇ ਕੇ ਪਾਣੀ ਲਾ ਦਿਓ। ਜਿਵੇਂ ਪਹਿਲਾਂ ਮਸ਼ੀਨਰੀ ਥੋੜ੍ਹੀ ਹੈ ਇਕ ਪਾਸੇ ਸਪਰੇਅ ਵਾਲੇ ਡਰੋਨ ਛੱਡ ਦਿੱਤੇ ਅਤੇ ਕਹਿੰਦੇ ਇਹ ਫਸਲਾਂ ਦੀਆਂ ਬੀਮਾਰੀਆਂ ਬਾਰੇ ਵੀ ਜਾਣਕਾਰੀ ਦੇਣਗੇ। ਕਿੱਲੇ-ਕਿੱਲੇ ਤੇ ਕਿਸਾਨ ਬੈਠਾ ਹੈ ਫਿਰ ਡਰੋਨਾਂ ਦੀ ਕੀ ਲੋੜ ਹੈ। ਸਰਕਾਰ ਨੇ ਸਬਸਿਡੀ ਦੇ ਕੇ ਇਹ ਵੀ ਲੋਕਾਂ ਦੇਗਲ ਮੜ੍ਹ ਦੇਣੇ ਹਨ।

### ਸਮਾਜਿਕ ਅਸਰ

ਜਦੋਂ ਕਿਸੇ ਗਲੀ ਮੁਹੱਲੇ ਪਿੰਡ ਸ਼ਹਿਰ ਵਿਚ ਕੋਈ ਨਵੀਂ ਚੀਜ਼ ਆਉਂਦੀ ਹੈ ਤਾਂ ਲੋਕ ਵੇਖਣ ਜਾਂਦੇ ਹਨ ਫਿਰ ਉਸ ਚੀਜ ਨੂੰ ਗ੍ਰਹਿਣ ਕਰਨ ਦੀ ਇੱਛਾ ਹੁੰਦੀ ਹੈ ਅਤੇ ਕੁੱਝ ਈਰਖਾ ਵੀ ਪੈਦਾ ਹੁੰਦੀ ਹੈ ਕਿ ਇਹ ਪਹਿਲਾਂ ਕਿਉਂ ਲੈ ਆਇਆ, ਮੈਂ ਕਿਉਂ ਨਹੀਂ। ਕਈਆਂ ਦੀ ਪਹੁੰਚ ਵਿਚ ਉਹ ਚੀਜ਼ ਹੁੰਦੀ ਹੈ ਕਈਆਂ ਦੀ ਨਹੀਂ, ਸ਼ਰੀਕੇਬਾਜ਼ੀ ਵਿਚ ਇਹ ਵੀ ਨਹੀਂ ਵੇਖਿਆ ਜਾਂਦਾ ਕਿ ਉਸ ਚੀਜ਼ ਦੀ ਲੋੜ ਹੈ ਵੀ ਕਿ ਨਹੀਂ। ਇਹੋ ਹੀ ਗੱਲ ਮਸ਼ੀਨਰੀ ਨਾਲ ਹੋਈ ਜਿਹਨਾਂ ਦਾ ਛੋਟੇ ਟਰੈਕਟਰਾਂ ਨਾਲ ਸਰਦਾ ਸੀ ਉਹ ਵੱਡੇ ਟਰੈਕਟਰ ਲੈ ਆਏ। ਟੋਚਨ ਮੁਕਾਬਲਿਆਂ ਨੇ ਵੀ ਵੱਡੇ ਟਰੈਕਟਰਾਂ ਦੀ ਖਰੀਦ ਅਤੇ ਪੁਰਾਣਿਆਂ ਵਿਚ ਤਬਦੀਲੀਆਂ ਨੂੰ ਉਤਸ਼ਾਹਿਤ ਕੀਤਾ ਹੈ। ਕੰਮ ਉਨ੍ਹਾਂ ਹੈ ਨਹੀਂ। ਨਤੀਜਾ ਇਹ ਹੈ ਟਰੈਕਟਰ ਸਾਲ ਵਿਚ 500 ਘੰਟੇ ਵੀ ਨਹੀਂ ਚੱਲਦਾ ਪਰ ਦੂਜੇ ਪਾਸੇ ਗੱਲ ਇਹ ਹੈ ਵੀ ਕਿ ਵੱਤਰ ਤੇ ਕਿਰਾਏ 'ਤੇ ਵੀ ਨਹੀਂ ਮਿਲਦਾ ਕਿਉਂਕਿ ਥੋੜ੍ਹੇ ਕੰਮ ਲਈ ਖੇਤ ਆਉਣ ਜਾਣ ਦਾ ਟਾਈਮ ਅਤੇ ਤੇਲ ਜ਼ਿਆਦਾ ਲੱਗਦਾ ਹੈ, ਦੂਜਾ ਪੈਸਿਆਂ ਦਾ ਹਿਸਾਬ ਕਿਤਾਬ, ਡੀਜ਼ਲ ਟਰੈਕਟਰ ਵਾਲੇ ਦਾ ਨਕਦ ਅਤੇ ਪਹਿਲਾਂ ਲੱਗ ਜਾਂਦਾ ਦੂਜਾ ਜੇ ਕੰਮ ਕਰਵਾ ਕਿ ਅੱਗੋਂ ਇਹ ਕਹਿ ਦਿੱਤਾ ਬਾਈ ਮੈਂ ਘਰ ਪਹੁੰਚਾ ਦੇਵਾਂਗਾ। ਉਹ ਕਦੋਂ ਪਹੁੰਚਾਵੇਗਾ ਜੇ ਪੁੱਛ ਲਿਆ ਤਾਂ ਭਾਈਚਾਰੇ ਵਿਚ ਲੜਾਈ।

### ਪੜ੍ਹਾਈ

ਹਰ ਮਾਂ ਬਾਪ ਆਪਣੇ ਬੱਚਿਆਂ ਦੀ ਪੜ੍ਹਾਈ ਲਈ ਵਿੱਤੋਂ ਬਾਹਰਾ ਹੋ ਕੇ ਖਰਚਾ ਕਰਦਾ ਹੈ। ਭਾਵੇਂ ਪਿੰਡ ਵਿਚ ਸਰਕਾਰੀ ਸਕੂਲ ਹੋਵੇ ਵੀ, ਫਿਰ ਵੀ ਹਰ ਮਾਂ ਬਾਪ ਦੀ ਇੱਛਾ ਹੁੰਦੀ ਹੈ ਕਿ ਉਹ ਆਪਣਾ ਬੱਚਾ ਪ੍ਰਾਈਵੇਟ ਸਕੂਲ ਵਿਚ ਪੜ੍ਹਾਵੇ। ਪਿੰਡਾਂ ਵਾਲੇ ਸਰਕਾਰੀ ਸਕੂਲਾਂ ਦਾ ਵੱਜਕਾ ਹੀ ਇਹਨਾਂ ਮਾੜਾ ਹੋ ਗਿਆ ਕਿ ਚੰਗੇ ਸਕੂਲ ਅਤੇ ਅਧਿਆਪਕ ਵੀ ਰੁੱਲ ਗਏ। ਚੰਗੇ ਅਧਿਆਪਕਾਂ ਅਤੇ ਸਕੂਲਾਂ ਦੀ ਖਬਰ ਘੱਟ ਚਲਦੀ ਹੈ। ਮਾੜੇ ਅਧਿਆਪਕ ਦੀ ਖਬਰ ਸ਼ੋਸ਼ਲ ਮੀਡੀਆ ਤੇ ਵਾਇਰਲ ਹੋ ਕੇ ਜੰਗਲ ਦੀ ਅੱਗ ਵਾਂਗ ਫੈਲਦੀ ਹੈ। ਕੁੱਝ ਸਰਕਾਰਾ ਦੀ ਵੀ ਬੇਰੁੱਖੀ ਹੈ। ਪਹਿਲਾਂ ਅਧਿਆਪਕ ਪੂਰੇ ਨਹੀਂ ਜਿਹੜੇ ਹਨ ਉਹ ਅਧਿਆਪਕ ਘੱਟ, ਸਰਵੇਅਰ ਜ਼ਿਆਦਾ ਹਨ। ਇਸ ਤੋਂ ਉੱਪਰ ਅਧਿਆਪਕਾਂ ਦੀਆਂ ਮੰਗਾਂ ਤੇ ਗੌਰ ਨਾ ਕਰਨਾ ਅਤੇ ਉਹਨਾਂ ਉੱਪਰ ਜਗ੍ਹਾ-ਜਗ੍ਹਾ ਲਾਠੀਚਾਰਜ ਕਰਨ ਨਾਲ ਅਧਿਆਪਕ ਦੇ ਰੁੱਤਬੇ ਨੂੰ ਸਮਾਜ ਵਿਚ ਵੱਡੀ ਢਾਹ ਲੱਗੀ ਹੈ। ਸਮਾਜ ਵਿਚ ਇਹ ਢਾਹ ਲੱਗਣ ਨਾਲ ਉਪਰਲੀਆਂ ਕਲਾਸਾਂ ਦੇ ਕੁੱਝ ਬੱਚੇ ਅਧਿਆਪਕਾਂ ਦੀ ਇੱਜ਼ਤ ਹੀ ਨਹੀਂ



ਕਰਦੇ। ਜੇ ਅਧਿਆਪਕ ਕੁੱਝ ਕਹਿੰਦਾ ਹੈ ਤਾਂ ਉਹ ਅੱਗੋਂ ਬੋਲ ਕੇ ਸਾਰੀ ਕਲਾਸ ਦਾ ਮਾਹੌਲ ਖਰਾਬ ਕਰਦੇ ਹਨ। ਅਧਿਆਪਕ ਆਵਦੀ ਇੱਜ਼ਤ ਬਚਾਉਣ ਲਈ ਪਿੱਛੇ ਹਟ ਜਾਂਦੇ ਹਨ। ਇਹੋ ਹੀ ਕਾਰਨ ਹੈ ਕਿ ਪਿੰਡਾਂ ਵਾਲੇ ਸਰਕਾਰੀ ਸਕੂਲਾਂ ਦੇ ਬਹੁਤ ਥੋੜ੍ਹੇ ਬੱਚੇ ਕਿਸੇ ਸਿਰੇ ਲੱਗਦੇ ਹਨ। ਜਿਹੜੇ ਸਕੂਲ ਵਿੱਚੋਂ ਸੁੱਖੀ ਸਾਂਦੀ ਨਿਕਲ ਗਏ ਉਹ ਕਾਲਜ ਵਿਚ ਫਸ ਜਾਂਦੇ ਹਨ। ਸਰਕਾਰੀ ਕਾਲਜਾਂ ਵਿਚ ਅਧਿਆਪਕ ਨਹੀਂ ਪ੍ਰਾਈਵੇਟ ਵਾਲੇ ਘੱਟ ਤਨਖਾਹ ਤੇ ਨਵੇਂ ਪਾਸ ਆਊਟ ਰੱਖਦੇ ਹਨ ਜਿਹੜੇ ਪੜ੍ਹਾਉਂਦੇ ਘੱਟ ਅਤੇ ਆਪ ਚੰਗੀ ਨੌਕਰੀ ਦੀ ਤਲਾਸ਼ ਜ਼ਿਆਦਾ ਕਰਦੇ ਹਨ। ਇਹਨਾਂ ਬੱਚਿਆਂ/ਨੌਜਵਾਨਾਂ ਵਿਚ ਕੰਮ ਕਰਨ ਦੀ ਆਦਤ ਤਾਂ ਰਹਿੰਦੀ ਨਹੀਂ ਸਾਫ ਕੱਪੜੇ ਪਾ ਕੇ-ਘੁੰਮਣਾ ਫਿਰਨਾ ਅਤੇ ਦੂਜਿਆਂ ਦੀ ਰੀਸ ਕਰਨ ਦੀ ਆਦਤ ਜ਼ਰੂਰ ਬਣ ਜਾਂਦੀ ਹੈ। ਇਹ ਬੱਚੇ ਕੰਮ ਕਰਨ ਲਈ ਮਾਂ-ਬਾਪ ਅੱਗੇ ਸ਼ਰਤਾਂ ਰੱਖ ਦਿੰਦੇ ਹਨ। ਮਹਿੰਗਾ ਮੋਟਰਸਾਈਕਲ, ਵੱਡਾ ਟਰੈਕਟਰ ਜਾਂ ਮਹਿੰਗੀ ਕਾਰ। ਜਿੰਨੀਆਂ ਐੱਸ. ਯੂ. ਵੀ. ਪੰਜਾਬ ਵਿਚ ਫਿਰਦੀਆਂ ਹਨ ਜਾਂ ਜਿੰਨਾ ਪੈਸਾ ਬਾਹਰ ਜਾਣ ਲਈ ਆਈਲੈਟਸ ਅਤੇ ਏਜੰਟਾਂ ਨੂੰ ਦਿੱਤਾ ਜਾ ਰਿਹਾ ਹੈ ਕਿ ਪੰਜਾਬ ਦੀ ਅਰਥ ਵਿਵਸਥਾ ਉਹਨੀਂ ਝਾਲ ਝੱਲਣ ਜੋਗੀ ਹੈ ?

### ਕਾਰਪੋਰੇਟ ਕਿਵੇਂ ਫਾਇਦਾ ਉਠਾਉਂਦੇ ਹਨ ?

ਪੱਛਮੀ ਦੇਸ਼ਾਂ ਨੇ ਕੋਇਲਾ ਅਤੇ ਡੀਜ਼ਲ, ਪੈਟ੍ਰੋਲ ਬਾਲ ਕੇ ਆਮ ਤਰੱਕੀ ਕਰ ਲਈ ਹੁਣ ਜਦੋ ਸਾਡੀ ਵਾਰੀ ਆਈ ਤਾਂ ਵਾਤਾਵਰਣ ਦਾ ਜਿੰਨ੍ਹ ਸਾਡੇ ਮਗਰ ਛੱਡ ਦਿੱਤਾ ਕਿ ਬ੍ਰਹਿਮੰਡ ਦਾ ਤਾਪਮਾਨ ਹੈ। ਖਣਿਜ ਬਾਲਣ ਨਾ ਬਾਲੋ ਇਹਦੇ ਨਾਲ ਗਰੀਨ ਹਾਊਸ ਗੈਸਾਂ ਵੱਧਣੀਆਂ ਹਨ ਜਿਹਦੇ ਨਾਲ ਐਜ਼ੋਨ ਦੀ ਪਰਤ ਘੱਟਦੀ ਹੈ। ਸਾਇੰਸਦਾਨਾਂ ਨੇ ਦੁਨੀਆਂ ਦੀ ਹਰ ਖੋਜ ਸਾਡੇ ਗੱਲ ਮੜ੍ਹ ਦਿੱਤੀ। ਏਥੋਂ ਤੱਕ ਕਿਸਾਨਾਂ ਝੋਨਾ ਲਾਉਣ ਨਾਲ ਮੀਥੇਨ ਪੈਦਾ ਹੁੰਦੀ ਪਸ਼ੂ ਵੀ ਮੀਥੇਨ ਪੈਦਾ ਹੁੰਦੀ ਪਸ਼ੂ ਵੀ ਮੀਥੇਨ ਛੱਡਦੇ ਹਨ। ਹੁਣ ਦੱਸੋ ਖਾਓ ਨਾ ਕਣਕ ਦੀ ਗਲੂਟਨ ਹਾਜ਼ਮਾ ਖਰਾਬ ਕਰਦੀ ਹੈ। ਪਸ਼ੂ ਮੀਥੇਨ ਛੱਡਦੇ ਹਨ (ਚਾਹ ਵਿਚ ਦੁੱਧ ਨਾ ਪਾਓ)। ਮੁੱਖ ਤੌਰ ਤੇ ਅਸੀਂ ਸ਼ਾਕਾਹਾਰੀ ਹਾਂ ਫਿਰ ਜੀਵੇਂ ਕਿਸਦੇ ਆਸਰੇ 19 ਕਰੋੜ ਪਹਿਲਾਂ ਹੀ ਇਕ ਡੰਗ ਰੋਟੀ ਖਾਂਦੇ ਹਨ। 80 ਕਰੋੜ 5 ਕਿਲੋ ਤੇ ਪਲਦੇ ਹਨ। ਅਸੀਂ ਵਾਤਾਵਰਨ ਬਚਾਈਏ ਤਾਂ ਕਿ ਕਾਰਪੋਰੇਟ ਸਾਡੇ ਸਿਰ ਤੇ ਐਸ਼ ਕਰਨ। ਮੈਂ ਪਹਿਲਾਂ ਦੱਸ ਚੁੱਕਿਆਂ ਹਾਂ ਕਿ ਅਰਬਾਂ-ਖਰਬਾਂ ਦੀ ਮਸ਼ੀਨਰੀ ਕਿਸਾਨਾਂ ਸਿਰ ਮੜ੍ਹੀ ਜਿਸ ਦਾ ਹੱਲ ਚੌਥਾ ਹਿੱਸਾ ਪਰਾਲੀ ਸਾੜ ਕੇ ਪੁਰਾਣੀ ਮਸ਼ੀਨਰੀ ਨਾਲ ਨਿਕਲ ਸਕਦਾ ਸੀ। ਉਸ ਤੋਂ ਬਾਅਦ ਪੈਟ੍ਰੋਲ-ਡੀਜ਼ਲ ਵਾਲੇ ਪੁਰਾਣੇ ਵਹੀਕਲ ਬੰਦ ਕਰਕੇ ਕਾਰਾਂ ਦੀ ਵਿਕਰੀ ਦੀ ਖੜੋਤ ਨੂੰ ਤੋੜਿਆ। ਹੁਣ ਪੈਟ੍ਰੋਲ-ਡੀਜ਼ਲ ਵਾਲੇ ਵਾਹਨਾਂ ਦੀ ਜਗ੍ਹਾ ਬੈਟਰੀਆਂ ਵਾਲੇ ਚਲਾ ਦਿੱਤੇ। ਜਰਾ ਸੋਚੋ ਕਿ ਸਾਡਾ ਵਰਗਾ ਘੱਟ ਉੱਨਤ ਦੇਸ਼ (ਆਈ ਐਮ ਐਫ ਦੀ ਰਿਪੋਰਟ) 3.5 ਕਰੋੜ ਵਾਹਨ ਕਿਵੇਂ ਸਕਰੈਪ ਕਰ ਸਕਦਾ ਹੈ। ਆਸਟ੍ਰੇਲੀਆ ਦਾ ਕੋਇਲਾ ਥਰਮਲ ਪਲਾਂਟਾਂ ਵਿਚ ਬਾਲਣਾ ਜ਼ਰੂਰੀ ਕੀਤਾ ਹੈ ਪਰ ਤੇਲ ਵਾਲੇ ਵਹੀਕਲ ਬੰਦ ਕੀਤੇ ਜਾ ਰਹੇ ਹਨ। ਕੀ ਕੋਇਲੇ ਦੀ ਦਰਾਮਦ ਤੇ ਵਿਦੇਸ਼ੀ ਮੁਦਰਾ ਨਹੀਂ ਲੱਗਦੀ ਅਤੇ ਕੋਇਲਾ ਬਾਲਣ ਨਾਲ ਪ੍ਰਦੂਸ਼ਣ ਨਹੀਂ ਹੁੰਦਾ।

### ਨਿਚੋੜ

ਅੱਜ ਪਾਣੀ ਕਰਕੇ ਜਾਂ ਕੇਂਦਰ ਵੱਲੋਂ ਖਰੀਦ ਕਰਕੇ ਝੋਨੇ ਸਬੰਧੀ ਕੋਈ ਖੇਤੀ ਨੀਤੀ ਵਿਚ ਤਬਦੀਲੀ ਆਉਂਦੀ ਹੈ ਤਾਂ ਸਾਡੀ ਖਰਬਾਂ ਰੁਪਏ ਦੀ ਪਰਾਲੀ ਸਾਂਭਣ ਵਾਲੀ ਮਸ਼ੀਨਰੀ ਬੇਕਾਰ ਹੋ ਜਾਵੇਗੀ। ਨਰਮੇ ਵਾਲੀ ਮਸ਼ੀਨਰੀ ਪਹਿਲਾਂ ਹੀ ਅਸੀਂ ਕਬਾੜ ਵਿਚ ਵੇਚ ਚੁੱਕੇ ਹਾਂ। ਮਸ਼ੀਨਰੀ ਉੱਪਰ ਪੈਸਾ ਸੋਚ ਸਮਝ ਕੇ ਲਗਾਓ। ਸਾਡਾ ਸੂਬਾ ਅਤੇ ਦੇਸ਼ ਦੋਨੋਂ ਹੀ ਕਰਜ਼ੇ ਹੇਠ ਹੋਣ ਕਾਰਨ ਸਾਡੀਆਂ ਨੀਤੀਆਂ ਤੇ ਅੰਦਰੋਂ ਅਤੇ ਬਾਹਰੋਂ ਦੋਨੋਂ ਪਾਸਿਓਂ ਹੀ ਦਬਾ ਪੈਂਦਾ ਹੈ।

# ਆਲੂ ਦੀ ਕਾਸ਼ਤ ਲਈ ਉੱਨਤ ਤਕਨੀਕਾਂ ਅਪਨਾਓ

## ਪੰਜਾਬ ਵਿਚ ਉੱਚ ਗੁਣਵੱਤਾ ਵਾਲੇ ਬੀਜ

ਬਲਕਰਨ ਸਿੰਘ ਸੰਧੂ, ਅਮਨਪ੍ਰੀਤ ਸਿੰਘ ਅਤੇ ਵੀਰੇਕਮ ਪਾਲ,
ਕ੍ਰਿਸ਼ੀ ਵਿਗਿਆਨ ਕੇਂਦਰ,
ਫਤਿਹਗੜ੍ਹ ਸਾਹਿਬ
ਮੋ. 97811-28000

**ਬਿਜਾਈ ਦਾ ਸਮਾਂ ਅਤੇ ਢੰਗ** : ਅਕਤੂਬਰ ਦੇ ਪਹਿਲੇ ਪੰਦਰਵਾੜੇ ਵਿਚ ਸਿਹਤਮੰਦ, ਵਾਇਰਸ ਮੁਕਤ ਆਲੂ (40-50 ਗ੍ਰਾਮ) ਦੀ ਬਿਜਾਈ ਕਰੋ। ਮਸ਼ੀਨ ਦੀ ਬਿਜਾਈ ਲਈ, ਪੌਦੇ ਤੋਂ ਪੌਦੇ ਅਤੇ ਆਲੂ ਤੋਂ ਆਲੂ ਦੀ ਦੂਰੀ 65×18.5 ਸੈਂਟੀਮੀਟਰ ਜਾਂ 75×15 ਸੈਂਟੀਮੀਟਰ ਰੱਖੋ।


**ਸਿੰਚਾਈ** : ਫਸਲ ਨੂੰ ਪਹਿਲਾ ਪਾਣੀ ਹਲਕਾ ਅਤੇ ਬੀਜਣ ਦੇ ਤੁਰੰਤ ਬਾਅਦ ਦਿਓ। ਸਿੰਚਾਈ ਦੇ ਸਮੇਂ, ਇਸ ਗੱਲ ਦਾ ਧਿਆਨ ਰੱਖੋ ਕਿ ਪਾਣੀ ਵੱਟਾਂ ਦੇ ਉੱਪਰ ਨਾ ਵਹਿ ਜਾਵੇ ਕਿਉਂਕਿ ਇਸ ਤਰ੍ਹਾਂ ਵੱਟਾਂ ਦੀ ਮਿੱਟੀ ਸੁੱਕੀ ਅਤੇ ਸਖਤ ਹੋ ਜਾਂਦੀ ਹੈ ਅਤੇ ਆਲੂਆਂ ਦੇ ਵਾਧੇ ਅਤੇ ਵਿਕਾਸ 'ਤੇ ਮਾੜਾ ਪ੍ਰਭਾਵ ਪਾਉਂਦੀ ਹੈ।

**ਕੀਟ ਪ੍ਰਬੰਧਨ** : ਰਸ ਚੂਸਣ ਵਾਲੇ ਕੀੜਿਆਂ ਦੇ ਹਮਲੇ ਦੇ ਬਚਾਅ ਲਈ ਪਹਿਲਾਂ 300 ਮਿਲੀਲੀਟਰ ਮੇਟਾਸਿਸਟੌਕਸ 25 ਈਸੀ ਨੂੰ 80-100 ਲੀਟਰ ਪਾਣੀ ਵਿਚ ਘੋਲ ਕੇ ਛਿੜਕਾਅ ਕਰੋ।

**ਬਿਮਾਰੀ ਦੀ ਰੋਕਥਾਮ** : ਪਿਛੇਤਾ ਝੁਲਸ ਰੋਗ ਬਿਮਾਰੀ ਦੇ ਸ਼ੁਰੂ ਹੋਣ ਤੋਂ ਪਹਿਲਾਂ ਨਵੰਬਰ ਦੇ ਪਹਿਲੇ ਹਫਤੇ 500-700 ਗ੍ਰਾਮ ਪ੍ਰਤੀ ਏਕੜ ਦੇ ਹਿਸਾਬ ਨਾਲ ਫਸਲ 'ਤੇ ਐਂਟਰਾਕੋਲ ਜਾਂ ਇੰਡੋਫਿਲ ਐਮ-45/ਕਵਚ ਵਰਗੀਆਂ ਉੱਲੀਨਾਸ਼ਕਾਂ ਦਾ ਛਿੜਕਾਅ ਕਰੋ ਅਤੇ 7 ਦਿਨਾਂ ਦੇ ਵਕਫੇ ਤੇ 5 ਹੋਰ ਸਪਰੇਆਂ ਦਾ ਛਿੜਕਾਅ ਕਰੋ। ਜੇਕਰ ਬਿਮਾਰੀ ਦਾ ਹਮਲਾ ਜ਼ਿਆਦਾ ਹੋਵੇ ਤਾਂ ਤੀਜੇ ਅਤੇ ਚੌਥੇ ਛਿੜਕਾਅ ਲਈ 700 ਗ੍ਰਾਮ ਪ੍ਰਤੀ ਏਕੜ ਦੇ ਹਿਸਾਬ ਨਾਲ ਰਿਡੋਮਿਲ ਗੋਲਡ/ਕੁਰਜੇਟ ਦਾ ਇਸਤੇਮਾਲ ਕਰੋ।

**ਫਸਲ ਪ੍ਰਬੰਧਨ** : ਦਸੰਬਰ ਦੇ ਅਖੀਰ ਵਿਚ ਜਾਂ ਜਨਵਰੀ ਦੇ ਪਹਿਲੇ ਹਫਤੇ, ਜਦੋਂ ਤੇਲੇ ਦੀ ਗਿਣਤੀ 20 ਕੀੜੇ ਪ੍ਰਤੀ 100 ਪੱਤਿਆਂ ਤੱਕ ਪਹੁੰਚ ਜਾਂਦੀ ਹੈ, ਤਾਂ ਬੂਟੇ ਨੂੰ ਕੱਟ ਦਿਓ। ਇਸ ਤੋਂ ਬਾਅਦ ਇਸ ਨੂੰ ਲਗਭਗ 15 ਦਿਨਾਂ ਤੱਕ ਜ਼ਮੀਨ ਵਿਚ ਰਹਿਣ ਦਿਓ ਤਾਂ ਕਿ ਆਲੂ ਪੂਰੀ ਤਰ੍ਹਾਂ ਤਿਆਰ ਹੋ ਜਾਣ।

**ਗਰੇਡਿੰਗ ਅਤੇ ਸਟੋਰੇਜ** : ਕਟਾਈ ਤੋਂ ਬਾਅਦ, ਫਸਲ ਨੂੰ ਗਰੇਡ ਕਰੋ ਅਤੇ ਇਸਨੂੰ ਕੋਲਡ ਸਟੋਰੇਜ ਲਈ ਭੇਜੋ ਅਤੇ ਪਤਝੜ ਦੀ ਵਾਢੀ ਤੱਕ ਉੱਥੇ ਰੱਖੋ। ਖਾਸ ਤੌਰ 'ਤੇ ਮੱਧਮ ਆਕਾਰ ਦਾ ਗ੍ਰੇਡ ਲਓ, ਅਤੇ ਅਗਲੇ ਸੀਜ਼ਨ ਲਈ 75-80% ਨਮੀਂ ਦੇ ਨਾਲ 2-4 ਡਿਗਰੀ ਸੈਲੀਸੀਅਸ 'ਤੇ ਕੋਲਡ ਸਟੋਰੇਜ ਵਿਚ ਸਟੋਰ ਕਰੋ।



# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

**KHETI DUNIYAN**

An Exclusive Agricultural Weekly

**ਰਜਿਸਟਰਡ ਆਫਿਸ :**
9-ਏ, ਅਜੀਤ ਨਗਰ,
ਪਟਿਆਲਾ

**ਮਾਰਕੀਟਿੰਗ ਆਫਿਸ :**
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਫੋਨ : 0175-2214575, ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

ਸਾਲ 42 ਅੰਕ 39
ਮਿਤੀ 28-09-2024

**ਐਡੀਟਰ**
ਜਗਪ੍ਰੀਤ ਸਿੰਘ

**ਮਾਰਕੀਟਿੰਗ ਦਫਤਰ**
ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ

**ਸੰਪਾਦਕੀ ਬੋਰਡ**
ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਝੱਤਰਾ
ਡਾ. ਵਰਿੰਦਰ ਲਾਠਰ

**ਕੰਪੋਜ਼ਿੰਗ**
ਏਕਤਾ ਕੰਪਿਊਟਰਜ਼, ਪਟਿਆਲਾ


## ਨੋਟ

- ★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ । ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ ।
- ★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ ।
- ★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ ।


Editor, Printer & Publisher **JAGPREET SINGH**
Printed at **Drishti Printers,** Dasmesh Market,
Near Sher-e-Punjab Market,Gaushala Road, PATIALA &
Published at Patiala for **Prop. JAGPREET SINGH**


# ਡਰੋਨ ਦੀ ਵਰਤੋਂ ਨਾਲ ਨਵੇਂ ਰਿਕਾਰਡ ਸਥਾਪਤ ਕਰ ਰਹੇ ਕਿਸਾਨ

## ਕੈਂਸਰ ਵਰਗੀਆਂ ਜਾਨਲੇਵਾ ਬੀਮਾਰੀਆਂ ਦਾ ਵੀ ਖਤਰਾ ਘਟਿਆ

**ਮਾਹਿਰਾਂ ਦਾ ਕਹਿਣਾ ਹੈ ਕਿ ਇਹ ਸਕੀਮ ਜਿੱਥੇ ਭਵਿੱਖ 'ਚ ਘਾਤਕ ਬੀਮਾਰੀਆਂ ਦੇ ਖਤਰੇ ਨੂੰ ਘਟਾ ਦੇਵੇਗੀ, ਉਥੇ ਹੀ ਇਸ ਤਕਨੀਕ ਨਾਲ ਕਿਸਾਨਾਂ ਲਈ ਕੀਟਨਾਸ਼ਕਾਂ ਦਾ ਛਿੜਕਾਅ ਕਰਨ ਦਾ ਕਾਫੀ ਸਮਾਂ ਵੀ ਬਚੇਗਾ ।**

ਪੰਜਾਬ ਦੇ ਕਈ ਜ਼ਿਲ੍ਹਿਆਂ 'ਚ ਕਿਸਾਨਾਂ ਨੇ 'ਨਮੋ ਡਰੋਨ ਦੀਦੀ' ਸਕੀਮ ਤਹਿਤ ਨਵੇਂ ਰਿਕਾਰਡ ਸਥਾਪਤ ਕੀਤੇ ਹਨ । ਕਿਸਾਨਾਂ ਨੇ ਡਰੋਨਾਂ ਨਾਲ ਕੀਟਨਾਸ਼ਕਾਂ ਅਤੇ ਖਾਦਾਂ ਦਾ ਛਿੜਕਾਅ ਕਰਨਾ ਸ਼ੁਰੂ ਕਰ ਦਿੱਤਾ ਹੈ ।

ਪੰਜਾਬ ਦੇ ਵਾਤਾਵਰਨ 'ਚ ਇਸ ਸਕੀਮ ਦਾ ਵਿਸ਼ੇਸ਼ ਮਹੱਤਵ ਹੈ ਕਿਉਂਕਿ ਸੂਬੇ ਦੇ ਸੈਂਕੜੇ ਲੋਕ ਕੀਟਨਾਸ਼ਕਾਂ ਦੀ ਵਰਤੋਂ ਕਾਰਨ ਕੈਂਸਰ, ਗੁਰਦਿਆਂ ਦੀਆਂ ਬੀਮਾਰੀਆਂ, ਇਮਿਊਨ ਡਿਸਆਰਡਰ, ਪਾਰਕਿੰਸਨ ਰੋਗ ਅਤੇ ਬਾਂਝਪਨ ਵਰਗੀਆਂ ਬੀਮਾਰੀਆਂ ਦਾ ਸਾਹਮਣਾ ਕਰ ਰਹੇ ਹਨ ।

ਮਾਹਿਰਾਂ ਦਾ ਕਹਿਣਾ ਹੈ ਕਿ ਇਹ ਸਕੀਮ ਜਿੱਥੇ ਭਵਿੱਖ 'ਚ



ਘਾਤਕ ਬੀਮਾਰੀਆਂ ਦੇ ਖਤਰੇ ਨੂੰ ਘਟਾ ਦੇਵੇਗੀ, ਉਥੇ ਹੀ ਇਸ ਤਕਨੀਕ ਨਾਲ ਕਿਸਾਨਾਂ ਲਈ ਕੀਟਨਾਸ਼ਕਾਂ ਦਾ ਛਿੜਕਾਅ ਕਰਨ ਦਾ ਕਾਫੀ ਸਮਾਂ ਵੀ ਬਚੇਗਾ ।

ਹਾਲਾਂਕਿ, ਕੇਂਦਰੀ ਵਣਜ ਅਤੇ ਉਦਯੋਗ ਮੰਤਰਾਲੇ ਵੱਲੋਂ ਸ਼ੁਰੂ ਕੀਤੀ ਗਈ ਇਸ ਯੋਜਨਾ ਦਾ ਮੰਤਵ ਪੇਂਡੂ ਔਰਤਾਂ ਨੂੰ ਖੇਤੀਬਾੜੀ ਦੇ ਕੰਮਾਂ ਲਈ ਡਰੋਨ ਪਾਇਲਟ ਬਣਨ ਦੀ ਸਿਖਲਾਈ ਦੇ ਕੇ ਉਨ੍ਹਾਂ ਨੂੰ ਸਸ਼ਕਤ ਕਰਨਾ ਹੈ ।

### ਇਨ੍ਹਾਂ ਜ਼ਿਲਿਆਂ 'ਚ ਡਰੋਨ ਦੀ ਵਰਤੋਂ

ਇਕ ਰਿਪੋਰਟ ਅਨੁਸਾਰ ਮੋਗਾ, ਭਗਥਲਾ ਖੁਰਦ (ਫਰੀਦਕੋਟ), ਕਪੂਰਥਲਾ ਅਤੇ ਅੰਮ੍ਰਿਤਸਰ 'ਚ ਕਿਸਾਨ ਕੀਟਨਾਸ਼ਕਾਂ ਅਤੇ ਖਾਦਾਂ ਦੇ ਛਿੜਕਾਅ ਲਈ ਡਰੋਨ ਦੀ ਵਰਤੋਂ ਕਰ ਰਹੇ ਹਨ ।

'ਨਮੋ ਡਰੋਨ ਦੀਦੀ' ਸਕੀਮ ਤਹਿਤ ਭਾਰਤੀ ਕਿਸਾਨ ਖਾਦ ਸਹਿਕਾਰੀ (ਇਫਕੋ) ਦੀਆਂ ਨੀਤੀਆਂ ਵੱਲੋਂ ਪ੍ਰਦਾਨ ਕੀਤੇ ਗਏ 100 ਤੋਂ 93 ਡਰੋਨ ਕੰਮ ਕਰ ਰਹੇ ਹਨ, ਜਿਨ੍ਹਾਂ 'ਚੋਂ ਹਰੇਕ ਦੀ ਕੀਮਤ 16 ਲੱਖ ਰੁਪਏ ਹੈ ਅਤੇ ਉਨ੍ਹਾਂ 'ਚ ਇਕ 12 ਲੀਟਰ ਦਾ ਟੈਂਕ ਵੀ ਸਥਾਪਤ ਕੀਤਾ ਜਾ ਸਕਦਾ ਹੈ ।

### ਜਸਵਿੰਦਰ ਕੌਰ ਪੰਜਾਬ ਦੀ ਪਹਿਲੀ ਕਿਸਾਨ ਡਰੋਨ ਪਾਇਲਟ

ਰਿਪੋਰਟ 'ਚ ਕਿਹਾ ਗਿਆ ਹੈ ਕਿ ਮੋਗਾ ਦੇ ਪਿੰਡ ਰੱਤੀਆਂ ਦੀ ਜਸਵਿੰਦਰ ਕੌਰ ਧਾਲੀਵਾਲ (46) ਨਮੋ ਡਰੋਨ ਦੀਦੀ ਪ੍ਰਜੈਕਟ ਤਹਿਤ ਸਿਖਲਾਈ ਲਈ ਚੁਣੀ ਗਈ ਪੰਜਾਬ ਦੀਆਂ ਪਹਿਲੀਆਂ ਔਰਤਾਂ 'ਚੋਂ ਇਕ ਸੀ ।

12ਵੀਂ ਜਮਾਤ ਪਾਸ ਜਸਵਿੰਦਰ 15 ਮਹਿਲਾ ਸਵੈ-ਸਹਾਇਤਾ ਗਰੁੱਪ ਚਲਾਉਂਦੀ ਹੈ । ਇਹ ਗਰੁੱਪ ਜੂਟ ਦੀਆਂ ਬੋਰੀਆਂ ਬਣਾਉਣ ਦਾ ਕੰਮ ਕਰਦਾ ਹੈ ।

ਸ਼ੁਰੂ 'ਚ ਉਹ ਡਰੋਨ ਦੇ ਰਿਮੋਟ ਕੰਟਰੋਲ ਨੂੰ ਛੂਹਣ ਤੋਂ ਵੀ ਡਰਦੀ ਸੀ ਕਿਉਂਕਿ ਉਸ ਨੂੰ ਲੱਗਣਾ ਸੀ ਕਿ ਇਹ ਕੋਈ 'ਏਲੀਅਨ ਦੀ ਚੀਜ਼' ਹੈ ਪਰ ਗੁੜਗਾਓਂ ਵਿਚ ਸਿਖਲਾਈ ਤੋਂ ਬਾਅਦ ਉਸ ਦੀ ਝਿਜਕ ਦੂਰ ਹੋ ਗਈ ।

ਇਫਕੋ ਤੋਂ ਡਰੋਨ ਪ੍ਰਾਪਤ ਕਰਨ ਤੋਂ ਬਾਅਦ ਜੂਨ 'ਚ ਖੇਤਾਂ 'ਚ ਵਪਾਰਕ ਤੌਰ 'ਤੇ ਛਿੜਕਾਅ ਦੀ ਸ਼ੁਰੂਆਤ ਕਰਦਿਆਂ ਉਸ ਨੇ 250 ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ 200 ਏਕੜ ਤੋਂ ਵੱਧ ਰਕਬੇ 'ਚ ਛਿੜਕਾਅ ਕਰ ਕੇ ਚੰਗੀ ਸ਼ੁਰੂਆਤ ਕੀਤੀ ਹੈ ।



ਕੀਟਨਾਸ਼ਕਾਂ ਦੇ ਛਿੜਕਾਅ ਦਾ ਖਰਚਾ ਕਿਸਾਨ ਝੱਲਦੇ ਹਨ ।

### ਕਿਸਾਨਾਂ ਦੀ ਸਿਹਤ ਦੀ ਰੱਖਿਆ

ਕੀਟਨਾਸ਼ਕਾਂ ਦਾ ਹੱਥੀਂ ਛਿੜਕਾਅ ਮਜ਼ਦੂਰੀ ਵਾਲਾ ਕੰਮ ਹੁੰਦਾ ਹੈ ਅਤੇ ਮਜ਼ਦੂਰਾਂ ਨੂੰ ਹਾਨੀਕਾਰਕ ਰਸਾਇਣਾਂ ਦਾ ਸਾਹਮਣਾ ਕਰਦਾ ਪੈਂਦਾ ਹੈ । ਕੀਟਨਾਸ਼ਕਾਂ ਅਤੇ ਰਸਾਇਣਕ ਖਾਦਾਂ ਨਾਲ ਲੰਬੇ ਸਮੇਂ ਤੱਕ ਸੰਪਰਕ ਕਿਸਾਨਾਂ ਦੀ ਸਿਹਤ ਨੂੰ ਨੁਕਸਾਨ ਪਹੁੰਚਾਉਂਦਾ ਹੈ । ਡਰੋਨ 5-7 ਮਿੰਟਾਂ 'ਚ ਪ੍ਰਤੀ ਏਕੜ ਕੀਟਨਾਸ਼ਕ ਛਿੜਕਾਅ ਨੂੰ ਪੂਰਾ ਕਰ ਸਕਦੇ ਹਨ, ਜਦ ਕਿ ਇਸ ਨੂੰ ਹੱਥੀਂ ਕਰਨ ਲਈ ਬਹੁਤ ਸਮਾਂ ਲੱਗਦਾ ਹੈ ।

ਡਰੋਨ ਦੀ ਵਰਤੋਂ ਨੁਕਸਾਨਦੇਹ ਰਸਾਇਣਾਂ ਨਾਲ ਸਿੱਧੇ ਸੰਪਰਕ ਨੂੰ ਘਟਾਉਂਦੀ ਹੈ, ਕਿਸਾਨਾਂ ਦੀ ਸਿਹਤ ਦੀ ਰੱਖਿਆ ਕਰਦੀ ਹੈ । ਦੂਜਾ ਹੱਥੀਂ ਛਿੜਕਾਅ ਅਕਸਰ ਫਸਲ ਦੇ ਕੁਝ ਹਿੱਸਿਆਂ ਨੂੰ ਛੱਡ ਦਿੰਦਾ ਹੈ, ਜਿਸ ਨਾਲ ਝਾੜ ਪ੍ਰਭਾਵਿਤ ਹੁੰਦਾ ਹੈ ।

ਡਰੋਨ ਰਾਹੀਂ ਕੀਟਨਾਸ਼ਕਾਂ ਦੀ ਵਰਤੋਂ ਫਸਲ ਦੇ ਵਾਧੇ ਅਤੇ ਝਾੜ 'ਚ ਸੁਧਾਰ ਕਰਦੀ ਹੈ । ਡਰੋਨ ਨੈਨੋ ਯੂਰੀਆ ਅਤੇ ਨੈਨੋ ਡੀ. ਏ. ਪੀ. ਵਰਗੇ ਨੈਨੋ ਖਾਦ ਦੀ ਵਰਤੋਂ ਨਾਲ ਜੁੜੀਆਂ ਚੁਣੌਤੀਆਂ ਨੂੰ ਵੀ ਹੱਲ ਕਰਦੇ ਹਨ ।

### ਪੈਸੇ ਦੀ ਵੀ ਹੁੰਦੀ ਹੈ ਬੱਚਤ

ਕੀਟਨਾਸ਼ਕਾਂ ਦਾ ਵਰਤੋਂ ਤੋਂ ਇਲਾਵਾ ਡਰੋਨ ਫਸਲਾਂ ਦੀ ਨਿਗਰਾਨੀ ਅਤੇ ਐਮਰਜੈਂਸੀ ਪ੍ਰਤੀਕ੍ਰਿਆ 'ਚ ਵੀ ਮਦਦਗਾਰ ਹੁੰਦੇ ਹਨ ।

ਉਹ ਖੇਤਾਂ ਦੀਆਂ ਅਸਲ-ਸਮੇਂ ਦੀਆਂ ਤਸਵੀਰਾਂ ਲੈ ਸਕਦੇ ਹਨ, ਜਿਸ ਨਾਲ ਕਿਸਾਨ ਫਸਲਾਂ ਦੀਆਂ ਸਥਿਤੀਆਂ ਦੀ ਨਿਗਰਾਨੀ ਕਰਨ ਅਤੇ ਕਿਸੇ ਸਮੱਸਿਆ ਜਾਂ ਵਿਗਾੜ ਬਾਰੇ ਪਤਾ ਹੋਣ 'ਤੇ ਤੁਰੰਤ ਦਖਲ ਦੇ ਸਕਦੇ ਹਨ ।

ਇਹ ਸਮਰੱਥਾ ਗੁਲਾਬੀ ਬੋਲਵਰਮ ਵਰਗੇ ਕੀੜਿਆਂ ਦੀ ਇਨਫੈਕਸ਼ਨ ਦਾ ਮੁਕਾਬਲਾ ਕਰਨ ਲਈ ਮਹੱਤਵਪੂਰਨ ਹੈ, ਜਿਸ ਨੇ ਪੰਜਾਬ 'ਚ ਕਪਾਹ ਦੀ ਫਸਲ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ ।

ਕੀਟਨਾਸ਼ਕ ਛਿੜਕਾਅ ਲਈ ਡਰੋਨ ਇਕ ਏਕੜ ਜ਼ਮੀਨ ਨੂੰ ਲਗਭਗ 200 ਰੁਪਏ 'ਚ ਕਵਰ ਕਰ ਸਕਦੇ ਹਨ, ਜਦੋਂ ਕਿ ਮਜ਼ਦੂਰਾਂ ਵੱਲੋਂ ਹੱਥੀਂ ਕੀਤੇ ਜਾਣ 'ਤੇ ਇਸ ਦੀ ਕੀਮਤ 300 ਰੁਪਏ ਪ੍ਰਤੀ ਏਕੜ ਹੈ ।

### ਡਰੋਨ ਦੀ ਲਾਗਤ 'ਤੇ ਮਿਲਦੀ 80 ਫੀਸਦੀ ਸਬਸਿਡੀ

ਮਹਿਲਾ ਸਵੈ-ਸਹਾਇਤਾ ਸਮੂਹਾਂ ਦੀਆਂ ਔਰਤਾਂ ਦੀ ਮਦਦ ਕਰਨ ਲਈ ਕੇਂਦਰ ਸਰਕਾਰ 'ਨਮੋ ਡਰੋਨ ਦੀਦੀ' ਯੋਜਨਾ ਤਹਿਤ ਢੁੱਕਵੇਂ ਲਾਭ ਪ੍ਰਦਾਨ ਕਰਦੀ ਹੈ । ਡਰੋਨ ਦੀ ਕੀਮਤ 'ਤੇ 80 ਫੀਸਦੀ ਸਬਸਿਡੀ ਭਾਵ ਵੱਧ ਤੋਂ ਵੱਧ 8 ਲੱਖ ਰੁਪਏ ਤੱਕ ਦੀ ਰਕਮ ਸਵੈ-ਸਹਾਇਤਾ ਸਮੂਹਾਂ ਨੂੰ ਪ੍ਰਦਾਨ ਕੀਤੀ ਜਾਂਦੀ ਹੈ ।

ਇਸ ਤੋਂ ਇਲਾਵਾ ਬਾਕੀ ਦੀ ਲਾਗਤ ਖੇਤੀਬਾੜੀ ਬੁਨਿਆਦੀ ਢਾਂਚਾ ਫੰਡ (ਏ. ਆਈ. ਐੱਫ.) ਅਧੀਨ ਉਪਲਬਧ ਕਰਜ਼ਿਆਂ ਰਾਹੀਂ ਫੰਡਿੰਗ ਕੀਤੀ ਜਾ ਸਕਦੀ ਹੈ, ਜਿਸ 'ਚ 3 ਫੀਸਦੀ ਦੀ ਮਾਮੂਲੀ ਵਿਆਜ ਦਰ ਹੁੰਦੀ ਹੈ ।

ਇਸ ਸਕੀਮ 'ਚ ਔਰਤਾਂ ਨੂੰ ਡਰੋਨ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਚਲਾਉਣ ਲਈ ਵਿਆਪਕ ਸਿਖਲਾਈ ਵੀ ਸ਼ਾਮਲ ਹੈ । ਇਹ ਡਰੋਨ ਕਿਸਾਨਾਂ ਨੂੰ ਕਿਰਾਏ 'ਤੇ ਦਿੱਤੇ ਜਾ ਸਕਦੇ ਹਨ, ਜੋ ਸਵੈ-ਸਹਾਇਤਾ ਸਮੂਹਾਂ ਨੂੰ ਪ੍ਰਤੀ ਸਾਲ 1 ਲੱਖ ਰੁਪਏ ਦੀ ਵਾਧੂ ਆਮਦਨ ਕਮਾਉਣ ਦਾ ਮੌਕਾ ਪ੍ਰਦਾਨ ਕਰ ਸਕਦੇ ਹਨ ।

# ਕਿਸਾਨ ਭਰਾਵਾਂ ਲਈ ਖੇਤੀ ਰੁਝੇਵੇਂ

**ਝੋਨਾ** : ਖੇਤ ਵਿਚ ਲਗਾਤਾਰ ਪਾਣੀ ਖੜ੍ਹਾ ਨਾ ਰੱਖੋ। ਝੋਨੇ ਦੀ ਫਸਲ ਨੂੰ ਪਾਣੀ ਜੀਰਨ ਤੋਂ ਦੋ ਦਿਨ ਬਾਅਦ ਪਾਣੀ ਦੇਣਾ ਚਾਹੀਦਾ ਹੈ ਪਰ ਖੇਤ ਵਿਚ ਤਰੇੜਾਂ ਨਾ ਪੈਣ ਦਿਓ। ਜੇਕਰ ਨਾਈਟਰੋਜਨ ਦੀ ਅਖੀਰਲੀ ਕਿਸ਼ਤ ਨਹੀਂ ਪਾਈ ਤਾਂ 30 ਕਿਲੋ ਯੂਰੀਆ ਪਾ ਦਿਓ। ਘੱਟ ਸਮਾਂ ਲੈਣ ਵਾਲੀ ਕਿਸਮਾਂ ਪੀ. ਆਰ. 126 ਨੂੰ ਯੂਰੀਆ ਖਾਦ ਦੀ ਤੀਜੀ ਕਿਸ਼ਤ ਪਨੀਰੀ ਲਾਉਣ ਤੋਂ 5 ਹਫਤੇ ਬਾਅਦ ਪਾਓ। ਜਿੰਨ੍ਹਾਂ ਖੇਤਾਂ ਵਿਚ ਤਣੇ ਗੜੂੰਈਆਂ ਕਰਕੇ 5 ਪ੍ਰਤੀਸ਼ਤ ਤੋਂ ਵਧੇਰੇ



ਸੁੱਕੀਆਂ ਗੋਭਾਂ ਹੋਣ ਉੱਥੇ 60 ਮਿਲੀਲਿਟਰ ਕੋਰਾਜ਼ਨ 18.5 ਐਸ ਸੀ 20 ਮਿਲੀਲਿਟਰ ਫੇਮ 480 ਐਸ ਸੀ ਜਾਂ 170 ਗ੍ਰਾਮ ਮੋਰਟਰ 75 ਐਸ ਜੀ ਜਾਂ 80 ਮਿਲੀਲਿਟਰ ਨਿੰਮ ਅਧਾਰਿਤ ਇਕੋਟਿਨ ਜਾਂ 1.0 ਲਿਟਰ, ਕਲੋਰਪਾਈਰੀਫਾਸ ਪ੍ਰਤੀ ਏਕੜ ਦਾ ਛਿੜਕਾਅ 100 ਲਿਟਰ ਪਾਣੀ ਵਿਚ ਘੋਲ ਕੇ ਕਰੋ। ਬੂਟਿਆਂ ਦੇ ਟਿੱਡਿਆਂ ਦੇ ਸਰਵੇਖਣ ਲਈ, ਕੁਝ ਬੂਟੇ ਟੇਢੇ ਕਰਕੇ ਹੇਠਾਂ ਤੋਂ 2-3 ਵਾਰੀ ਝਾੜੋ। ਜੇਕਰ ਪ੍ਰਤੀ ਬੂਟਾ 5 ਜਾਂ ਵੱਧ ਟਿੱਡੇ ਪਾਣੀ ਉੱਤੇ ਤਰਦੇ ਨਜ਼ਰ ਆਉਣ ਤਾਂ 94 ਮਿਲੀਲਿਟਰ ਪੈਕਸਾਲੋਨ 10 ਐਸ ਸੀ ਜਾਂ 80 ਗ੍ਰਾਮ ਓਸ਼ੀਨ/ਟੋਕਨ 20 ਐਸ ਜੀ ਨੂੰ ਪ੍ਰਤੀ ਏਕੜ ਦੇ ਹਿਸਾਬ ਨਾਲ 100 ਲਿਟਰ ਪਾਣੀ ਵਿਚ ਘੋਲ ਕੇ ਛਿੜਕੋ।

**ਮੱਕੀ** : ਮੱਕੀ ਦੀ ਫਸਲ ਨੂੰ ਸਮੇਂ ਸਿਰ ਪਾਣੀ ਦਿੰਦੇ ਰਹੋ, ਖਾਸ ਕਰਕੇ ਜਦੋਂ ਮੱਕੀ ਦੇ ਬੂਟੇ ਸੂਤ ਕੱਤਦੇ ਹੋਣ ਤੇ ਬੂਰ



ਨਿਕਲਦਾ ਹੋਵੇ। ਇਸ ਸਮੇਂ ਪਾਣੀ ਦੀ ਘਾਟ ਕਾਰਨ ਝਾੜ ਘੱਟ ਜਾਂਦਾ ਹੈ। ਭਾਰੀ ਮੀਂਹ ਪੈਣ ਤੋਂ ਬਾਅਦ ਖੇਤਾਂ ਵਿਚੋਂ ਵਾਧੂ ਪਾਣੀ ਨੂੰ ਕੱਢ ਦੇਣਾ ਚਾਹੀਦਾ ਹੈ ਤਾਂ ਜੋ ਫਸਲ ਨੂੰ ਟਾਂਡੇ ਗਲਣ ਦੇ ਰੋਗ ਤੋਂ ਬਚਾਇਆ ਜਾ ਸਕੇ। ਜੇਕਰ ਜ਼ਿਆਦਾ ਪਾਣੀ ਨਾਲ ਮੱਕੀ ਦਾ ਨੁਕਸਾਨ ਹੋ ਜਾਵੇ ਤਾਂ 6 ਕਿਲੋ ਯੂਰੀਆ 200 ਲਿਟਰ ਪਾਣੀ (3 ਪ੍ਰਤੀਸ਼ਤ) ਵਿਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਹਫਤੇ ਦੇ ਫਰਕ ਤੇ 2 ਵਾਰ ਛਿੜਕਾਅ ਕਰੋ। ਜੇਕਰ ਨੁਕਸਾਨ ਦਰਮਿਆਨੇ ਤੋਂ ਭਾਰੀ ਹੋ ਜਾਵੇ ਤਾਂ ਫਸਲ ਵਿੱਚੋਂ ਪਾਣੀ ਕੱਢਣ ਮਗਰੋਂ 25-50 ਕਿਲੋ ਯੂਰੀਆ ਪ੍ਰਤੀ ਏਕੜ ਹੋਰ ਪਾਓ। ਮੱਕੀ ਵਿਚ ਫਾਲ ਆਰਮੀਵਰਮ ਦੀ ਰੋਕਥਾਮ ਲਈ 0.4 ਮਿਲੀਲਿਟਰ ਕੋਰਾਜਨ 18.5 ਐਸ. ਸੀ. ਜਾਂ 0.5 ਮਿਲੀਲਿਟਰ ਡੈਲੀਗੇਟ 11.7 ਮਿਲੀਲਿਟਰ ਐਸ. ਸੀ. ਜਾਂ 0.4 ਗ੍ਰਾਮ ਮਿਜ਼ਾਈਲ 5 ਐਸ. ਜੀ. ਪ੍ਰਤੀ ਲਿਟਰ ਪਾਣੀ 'ਚ ਘੋਲ ਕੇ ਛਿੜਕਾਅ ਕਰੋ। ਕੀੜੇ ਦੀ ਕਾਰਗਰ ਰੋਕਥਾਮ ਲਈ ਛਿੜਕਾਅ ਮੱਕੀ ਦੀ ਗੋਭ ਵੱਲ ਨੂੰ ਕਰੋ। ਫਸਲ 40 ਦਿਨਾਂ ਤੋਂ ਵੱਡੀ ਹੋਵੇ ਤਾਂ ਮਿੱਟੀ ਅਤੇ ਕੀਟਨਾਸ਼ਕ ਦੇ ਮਿਸ਼ਰਣ (ਲਗਭਗ ਅੱਧਾ ਗ੍ਰਾਮ) ਨੂੰ ਹਮਲੇ ਵਾਲੀਆਂ ਗੋਭਾਂ ਵਿਚ ਪਾਓ।

**ਨਰਮਾ** : ਫੁੱਲ ਅਤੇ ਟੀਂਡੇ ਤੇ ਆਈ ਕਪਾਹ ਦੀ ਫਸਲ ਨੂੰ ਪਾਣੀ ਦੀ ਘਾਟ ਨਾ ਆਉਣ ਦਿਓ। ਨਹੀਂ ਤਾਂ ਫੁੱਲ ਅਤੇ ਟੀਂਡੇ ਝੜ ਜਾਣਗੇ ਅਤੇ ਝਾੜ ਵੀ ਬਹੁਤ ਘੱਟ ਜਾਵੇਗਾ। ਟੀਂਡਿਆਂ ਦੇ ਜਲਦੀ ਖਿੜਨ ਲਈ ਅਖੀਰਲਾ ਪਾਣੀ



ਸਤੰਬਰ ਦੇ ਅਖੀਰ ਵਿਚ ਦਿਓ। ਜੇਕਰ ਰਸ ਚੂਸਣ ਵਾਲੇ ਕੀੜਿਆਂ ਦਾ ਹਮਲਾ ਆਰਥਿਕ ਨੁਕਸਾਨ ਕਰਨ ਦੀ ਹੱਦ ਤੱਕ ਪਹੁੰਚਦਾ ਨਜ਼ਰ ਆਵੇ ਤਾਂ ਫਸਲ ਤੇ ਛਿੜਕਾਅ ਕਰੋ। ਇਸ ਲਈ ਬਰਸਾਤ ਦੇ ਮੌਸਮ ਵਿਚ ਨਰਮੇ/ਕਪਾਹ ਦੇ ਖੇਤਾਂ 'ਚੋਂ ਫਾਲਤੂ ਪਾਣੀ ਬਾਹਰ ਕੱਢ ਦਿਓ। ਕਪਾਹ ਵਿਰਲੀ ਕਰਨ ਵੇਲੇ ਨਾਈਟ੍ਰੋਜਨ ਦੀ ਅੱਧੀ ਖੁਰਾਕ ਪਾਉ ਅਤੇ ਬਾਕੀ ਅੱਧੀ ਨਾਈਟ੍ਰੋਜਨ ਫੁੱਲ ਨਿਕਲਣ ਸਮੇਂ ਪਾਓ। ਟੀਂਡੇ ਦੀਆਂ ਗੁਲਾਬੀ ਸੁੰਡੀਆਂ ਦੀ ਰੋਕਥਾਮ ਲਈ 100 ਗ੍ਰਾਮ ਪ੍ਰੋਕਲੇਮ 5 ਐਸ ਜੀ ਜਾਂ 500 ਮਿਲੀਲਿਟਰ ਕਿਉਰਾਕਰਨ/ਕਰੀਨਾ 50 ਈ ਸੀ ਜਾਂ 200 ਮਿਲੀਲਿਟਰ ਅਵਾਂਟ 15 ਐਸ ਸੀ ਨੂੰ 100 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ। ਜੇਕਰ 24 ਘੰਟਿਆਂ ਵਿਚ ਬਾਰਿਸ਼ ਹੋ ਜਾਵੇ ਤਾਂ ਛਿੜਕਾਅ ਦੁਬਾਰਾ ਕਰੋ। ਅੱਧ ਸਤੰਬਰ ਤੋਂ ਬਾਅਦ ਸਿੰਥੈਟਿਕ ਪੈਰਾਥਰਾਇਡ ਗਰੁੱਪ ਦੇ ਕੀਟਨਾਸ਼ਕਾਂ ਦੀ ਵਰਤੋਂ ਨਾ ਕਰੋ। ਮਿਲੀਬੱਗ ਦੇ ਹਮਲੇ ਵਾਲੀਆਂ ਕਤਾਰਾਂ/ਬੂਟਿਆਂ ਤੇ ਟਰਾਂਸਫੋਰਮ 21.8 ਐਸ ਸੀ 150 ਮਿਲੀਲਿਟਰ ਦਾ ਚੰਗੀ ਤਰ੍ਹਾਂ ਛਿੜਕਾਅ ਕਰੋ। ਨਰਮੇਂ ਤੋਂ ਚੰਗਾ ਝਾੜ ਲੈਣ ਲਈ 2 ਪ੍ਰਤੀਸ਼ਤ ਪੋਟਾਸ਼ੀਅਮ ਨਾਈਟਰੇਟ 13:0:45 (2 ਕਿਲੋ ਪੋਟਾਸ਼ੀਅਮ ਨਾਈਟਰੇਟ 100 ਲਿਟਰ ਪਾਣੀ ਪ੍ਰਤੀ ਏਕੜ) ਦੇ ਚਾਰ ਛਿੜਕਾਅ ਫੁੱਲ ਨਿਕਲਣ ਵੇਲੇ ਹਫਤੇ ਦੀ ਵਿੱਥ ਤੇ ਕਰੋ। ਫਸਲ ਤੇ ਉੱਲੀ ਦੇ ਧੱਬਿਆਂ ਨੂੰ ਰੋਕਣ ਲਈ 200 ਮਿ.ਲਿ. ਐਮੀਸਟਾਰ ਟੌਪ 325 ਐਸ ਸੀ ਪ੍ਰਤੀ ਏਕੜ ਨੂੰ 200 ਲਿਟਰ ਪਾਣੀ ਵਿਚ ਪਾ ਕੇ 15 ਤੋਂ 20 ਦਿਨਾਂ ਦੇ ਵਕਫੇ ਤੇ ਛਿੜਕਾਅ ਕਰੋ।

**ਕਮਾਦ** : ਸਤੰਬਰ ਦੇ ਸ਼ੁਰੂ ਵਿੱਚ ਗੰਨਿਆਂ ਦੇ ਮੂੰਏ ਬੰਨ੍ਹ ਦਿਉ। ਵਧੀਆ ਝਾੜ ਲੈਣ ਲਈ ਖੇਤ ਨੂੰ ਵਕਤ ਸਿਰ ਪਾਣੀ ਦਿੰਦੇ ਰਹੋ। ਰੱਤਾ ਰੋਗ ਅਤੇ ਉਖੇੜਾ ਰੋਗ ਤੋਂ ਪ੍ਰਭਾਵਿਤ ਬੂਟੇ ਪੁੱਟ ਕੇ ਨਸ਼ਟ ਕਰ ਦਿਓ। ਇਹ ਕੰਮ ਹਫਤੇ ਦੇ ਵਕਫੇ ਤੇ ਕਰਦੇ ਰਹੋ। ਇਸ ਮਹੀਨੇ ਦੇ ਦੂਸਰੇ ਪੰਦਰਵਾੜੇ ਵਿਚ ਸੀ ਓ ਪੀ ਬੀ 95, ਸੀ ਓ ਪੀ ਬੀ 96, ਸੀ ਓ 15023, ਸੀ ਓ ਪੀ ਬੀ 92, ਸੀ ਓ. 118, ਸੀ ਓ ਜੇ 85, ਸੀ ਓ ਜੇ 64 ਦੀ ਬੀਜਾਈ ਸ਼ੁਰੂ ਕਰ ਦਿਓ। ਗੰਨੇ ਦੀ ਬਿਜਾਈ ਦੋ ਕਤਾਰੀ ਖਾਲੀ ਵਿਧੀ ਰਾਹੀਂ ਕਰਨ ਨਾਲ ਸਿੰਚਾਈ ਵਾਲੇ ਪਾਣੀ ਦੀ ਬੱਚਤ, ਫਸਲ ਦੀ ਸੌਖੀ ਬਨਾਈ ਅਤੇ ਝਾੜ ਵਿਚ ਵਾਧਾ ਹੁੰਦਾ ਹੈ। ਫਸਲ ਦੀ ਬਿਜਾਈ 2 ਕਤਾਰਾਂ ਵਿਚ ਇਕ ਫੁੱਟ ਚੌੜੀਆਂ ਅਤੇ 20-25 ਸੈਂਟੀਮੀਟਰ ਡੂੰਘੀਆਂ ਖਾਲੀਆਂ ਵਿਚ ਕਰੋ। ਇਕ ਖਾਲੀ ਤੋਂ ਦੂਸਰੀ ਖਾਲੀ ਵਿਚਕਾਰ ਫਾਸਲਾ 3 ਫੁੱਟ ਰੱਖੋ। ਇਹ ਖਾਲੀਆਂ, ਯੂਨੀਵਰਸਿਟੀ ਵੱਲੋਂ ਤਿਆਰ ਕੀਤੀ ਖਾਲੀਆਂ ਬਣਾਉਣ ਵਾਲੀ ਮਸ਼ੀਨ ਨਾਲ ਬਣਾਈਆਂ ਜਾ ਸਕਦੀਆਂ ਹਨ। ਬੱਰੋਟੇ (ਗੁੱਲੀਆਂ) ਖਾਲੀਆਂ ਵਿਚ ਰੱਖਣ ਤੋਂ ਬਾਅਦ ਦੋ ਖਾਲੀਆਂ ਵਿਚਕਾਰਲੀ ਮਿੱਟੀ ਨਾਲ ਢੱਕ ਦਿਓ। ਜ਼ਿਆਦਾ ਮੁਨਾਫੇ ਲਈ ਰਲਵੀਆਂ ਫਸਲਾਂ ਜਿਵੇਂ ਕਿ ਤੋਰੀਆ, ਆਲੂ, ਲਸਣ ਆਦਿ ਬੀਜ ਸਕਦੇ ਹੋ। ਕਮਾਦ ਵਿਚ ਤਣੇਂ ਦੇ ਗੜੂੰਏਂ ਦੀ ਰੋਕਥਾਮ



ਲਈ ਟਰਾਈਕੋਗਰਾਮਾ ਕੀਲੋਨਸ 20,000 ਪ੍ਰਤੀ ਏਕੜ ਦੇ ਹਿਸਾਬ ਨਾਲ 10 ਦਿਨਾਂ ਦਾ ਵਕਫੇ ਤੇ ਖੇਤ ਵਿਚ ਛੱਡੋ। ਖੇਤ ਵਿਚ ਮਿੱਤਰ ਕੀੜੇ ਛੱਡਣ ਲਈ ਇਕ ਟਰਾਈਕੋ-ਕਾਰਡ (10×15 ਸੈ. ਮੀ.) ਨੂੰ 5×0.75 ਸੈ. ਮੀ. ਦੇ ਆਕਾਰ ਦੇ 40 ਛੋਟੇ ਬਰਾਬਰ ਹਿੱਸਿਆਂ ਵਿਚ ਕੱਟੋ। ਇਨ੍ਹਾਂ ਹਿੱਸਿਆਂ ਨੂੰ ਕਮਾਦ ਦੇ ਪੱਤਿਆਂ ਤੇ ਹੇਠਲੇ ਪਾਸੇ ਇਕ ਏਕੜ ਵਿਚ ਬਰਾਬਰ ਦੂਰੀ ਤੇ 40 ਥਾਂਵਾਂ ਤੇ ਸ਼ਾਮ ਵੇਲੇ ਪਿੰਨ੍ਹਾਂ ਨਾਲ ਨੱਥੀ ਕਰੋ। ਆਗ ਦੇ ਗੜੂੰਏ ਦੀ ਰੋਕਥਾਮ ਲਈ 10 ਕਿਲੋ ਫਰਟੇਰਾ 0.4 ਜੀ ਆਰ ਜਾਂ 12 ਕਿੱਲੋ ਦਾਣੇਦਾਰ ਕਾਰਬੋਫੂਰਾਨ 3 ਜੀ ਨੂੰ ਬੂਟਿਆਂ ਦੇ ਮੁੱਢਾਂ ਕੋਲ ਪਾ ਕੇ ਹਲਕੀ ਮਿੱਟੀ ਚੜ੍ਹਾਉਣ ਤੋਂ ਬਾਅਦ ਪਾਣੀ ਲਾਓ।

**ਤੇਲ ਬੀਜ** : ਇਹ ਸਮਾਂ ਤੋਰੀਆ ਬੀਜਣ ਲਈ ਬਹੁਤ ਹੀ ਢੁੱਕਵਾਂ ਹੈ। ਜੇਕਰ ਸਮੇਂ ਸਿਰ ਖੇਤ ਵਿਹਲਾ ਚਾਹੁੰਦੇ ਹੋ ਤਾਂ ਤੋਰੀਏ ਦੀਆਂ ਥੋੜ੍ਹਾ ਸਮਾਂ ਲੈਣ ਵਾਲੀਆਂ ਟੀ. ਐਲ. 17 ਜਾਂ ਟੀ. ਐਲ. 15 ਕਿਸਮਾਂ ਬੀਜੋ। ਤੋਰੀਆ ਬੀਜਣ ਸਮੇਂ ਖੇਤ ਵਿਚ 55 ਕਿਲੋ ਯੂਰੀਆ ਅਤੇ 50 ਕਿਲੋ ਸਿੰਗਲ ਸੁਪਰਫਾਸਫੇਟ ਪਾਓ। ਜੇਕਰ ਸੁਪਰਫਾਸਫੇਟ ਖਾਦ ਨਾ ਮਿਲੇ ਤਾਂ 80 ਕਿਲੋ ਜਿਪਸਮ ਪ੍ਰਤੀ ਏਕੜ ਖਾਸ ਕਰਕੇ ਗੰਧਕ ਦੀ ਘਾਟ ਵਾਲੀਆਂ ਜ਼ਮੀਨਾਂ ਵਿਚ ਨਾਈਟ੍ਰੋਜਨ ਤੇ ਫਾਸਫੋਰਸ ਵਾਲੀਆਂ

ਬਾਕੀ ਸਫਾ 6 'ਤੇ




# ਅਲੋਪ ਹੋ ਗਈ ਬਰੀਕ ਤੂੜੀ ਅਤੇ ਛਾਨਣ ਵਾਲੇ ਬਜ਼ੁਰਗ

ਜੀਵਨ ਦੀ ਗਰੀਬ ਆਰਥਿਕਤਾ ਤੇ ਹੋਰ ਸਮੱਸਿਆਵਾਂ ਨੇ ਪਸ਼ੂ ਪਾਲਣ ਲਈ ਮਜ਼ਬੂਰ ਕਰ ਦਿੱਤਾ, ਉਹਨਾਂ ਸਮਿਆਂ ਵਿਚ ਖੇਤ ਦੇ ਕੰਮ ਹੱਥੀਂ ਕੀਤੇ ਜਾਂਦੇ ਸਨ । ਉਹਨਾ ਬਜ਼ੁਰਗਾਂ ਦਾ ਤਰਕ ਵਿਚ ਵਿਸ਼ਵਾਸ ਸੀ ਕਿ ਜਿੰਨੇ ਪਰਿਵਾਰ ਦੇ ਮੈਂਬਰ ਤਾਕਤਵਰ ਨਰੋਏ ਹੋਣਗੇ ਉਹਨਾਂ ਹੀ ਕੰਮ ਦਿਲ ਲਾ ਕੇ ਫੁਰਤੀ ਨਾਲ ਨਿਬੜਨਗੇ । ਪਸ਼ੂ ਵੀ ਤਕੜੇ ਹੋਣਗੇ ਤਾਂ ਕਮਾਈ ਵਿਚ ਵਾਧਾ ਹੋਵੇਗਾ । ਇਸ ਲਈ ਪਸ਼ੂਆਂ ਲਈ ਖੁਰਾਕ ਸਾਫ ਸੁੱਥਰੀ ਤੇ ਗਿੱਜਾਂ ਵਾਲੀ ਹੋਣੀ ਜ਼ਰੂਰੀ ਹੈ । ਅੱਗੇ ਲੋਕ ਘਰੋਂ ਹਲਾਵਾ ਮੁੱਕਣ ਨਹੀਂ ਦਿੰਦੇ ਸਨ । ਸੇਹਤ ਨੂੰ ਨਰੋਈ ਰੱਖਣ ਤੇ ਜ਼ੋਰ ਦੇਂਦੇ ਸਨ । ਫਾਡਰੂਆਂ ਜਿਉਂ ਮਰਜ਼ੀ ਪਾਉਣ ਨੂੰ ਹਦਾਇਤ ਦੇਂਦੇ ਸਨ । ਪਰ ਹਾਲੀ ਬਲਦ ਤੇ ਲਵੇਰਿਆਂ ਨੂੰ ਗੁਤਾਵਾ ਰਲਾਉਣ ਲਈ ਬਰੀਕ ਤੂੜੀ ਬਿਨਾ ਨਹੀਂ ਪਾਉਂਦੇ ਸਨ । ਕਿਉਂ ਇਹ ਦਾਣਾ ਵੰਡ ਵੜੇਵਾ ਖਲ ਆਦਿ ਚੰਗੀ ਤਰ੍ਹਾਂ ਰਲ ਜਾਂਦੇ ਸਨ ਅਤੇ ਪਸ਼ੂ ਵੀ ਜਲਦੀ ਖਾ ਜਾਂਦੇ ਸਨ ਅਤੇ ਥੱਕੇ ਪਸ਼ੂ ਰੱਜਕੇ ਅਰਾਮ ਨਾਲ ਉਗਾਲੀ ਕਰਨ ਲੱਗ ਜਾਂਦੇ ਸਨ ਅਤੇ ਕੋਈ ਵੀ ਚੀਜ਼ ਅੰਜਾਈ ਨਹੀਂ ਜਾਂਦੀ ਸੀ ।

ਬਜ਼ੁਰਗ ਸੁਝਾਅ ਦਿੰਦੇ ਸਨ ਕਿ ਅਜੇ ਜੋ ਕਣਕ ਹਰੇ ਹਨ ਥੋੜ੍ਹਾ ਜਿਹਾ ਠਹਿਰ ਕੇ ਵੱਢਣ ਲੱਗਿਓ, ਬੱਲੀਆਂ ਛਿੱਟੇ ਭਾਵੇਂ ਸੁੱਕ ਜਾਣ ਪਰ ਨਾੜ ਅਜੇ ਹਰਾ ਗਿੱਲਾ ਰਹਿੰਦਾ ਸੀ । ਫਲ੍ਹਿਆਂ ਨਾਲ ਬਰੀਕ ਤੂੜੀ ਬਣਾਉਣ ਵਿਚ ਬਹੁਤ ਔਖਆਈ ਆਉਂਦੀ ਸੀ । ਸਲਾਬੇ ਨਾੜ ਦੀਆਂ ਘੁੰਡੀਆਂ, ਪਲਰ ਅਤੇ ਮੱਖੀ ਬਚ ਜਾਂਦੀ ਸੀ । ਗਹਾਈ ਵੇਲੇ ਲਹੂ ਪੀ ਲੈਂਦੇ ਫੇਰ ਕਣਕ ਵੱਢਣ ਵਾਲੀ ਹੈ ਬਜ਼ੁਰਗ ਹੀ ਇਹ ਦਸਦੇ ਸਨ । ਬਜ਼ੁਰਕ ਗਿੱਲੇ ਥਾਂ ਤੇ ਮੰਡਲੀ ਵੀ ਨਹੀਂ ਲਾਉਣ ਦਿੰਦੇ ਸਨ । ਪਈਆਂ ਮਰਲੀਆਂ ਤੋਂ ਪਾਣੀ ਵੀ ਨਾ ਲਾਉਣ ਦਿੰਦੇ ਸਨ, ਕਹਿੰਦੇ ਕਿ ਨਾੜ ਨੂੰ ਸਲਾਬ ਚੜ੍ਹ ਜਾਊ । ਗਿੱਲੇ ਸਲਾਬੇ ਨਾੜ ਦੀ ਤੂੜੀ ਦਾ ਰੰਗ ਬਦਲ



**ਜਗਜੀਤ ਸਿੰਘ ਝੱਤਰਾ,**
ਪੰਜਾਬੀ ਲਿਖਾਰੀ ਸਭਾ, ਪਿੰਡ ਝੱਤਰੇ,
ਤਹਿ. ਜੀਰਾ, ਜ਼ਿਲਾ ਫਿਰੋਜ਼ਪੁਰ-152028
ਮੋ: 7814490249

ਜਾਂਦਾ ਸੀ । ਸੁੱਕੇ ਨਾੜ ਦੀ ਤੂੜੀ ਵਧੀਆ ਚਿੱਟੀ ਬਣਦੀ ਸੀ । ਕਣਕ ਵੱਢਣ ਸਾਰ ਸਾਲ ਲਾਗਾ ਪਿੜ ਵਿਚ ਇਕੱਠਾ ਕਰਿਆ ਜਾਂਦਾ ਸੀ । ਬਜ਼ੁਰਗ ਉਸਨੂੰ ਫਰੋਲਣ ਨੂੰ ਕਹਿ ਦਿੰਦੇ ਸਨ । ਉਹਨਾਂ ਵੇਲਿਆਂ ਵਿਚ ਬਜ਼ੁਰਗ ਕਾਮਿਆਂ ਨੂੰ ਫਲਾਂ ਵਾਲਿਆਂ ਨੂੰ ਕਹਿੰਦੇ ਸਨ । ਬਈ ਸ਼ੈਂਡ ਵਿਚ ਗੋਹਾ ਬਲਦਾਂ ਦਾ ਡਿੱਗਣ ਨਹੀਂ ਦੇਣਾ ਹੈ । ਕਿਉਕਿ ਤੂੜੀ ਵਿਚੋਂ ਮੁਸ਼ਕ ਆਉਣ ਲੱਗ ਜਾਂਦਾ ਸੀ । ਪਸ਼ੂ ਪੱਠੇ ਨਹੀਂ ਖਾਂਦੇ ਸਨ । ਗਹਾਈ ਦਿਨਾਂ ਵਿਚ ਤੂੜੀ ਬਣ ਜਾਂਦੀ ਸੀ । ਉਸ ਵਿਚ ਕੋਈ ਵਾਧੂ ਚੀਜ਼ ਨਾ ਰਲੀ ਹੁੰਦੀ । ਦੁਪਹਿਰ ਵੇਲੇ ਕੜਾਕੇ ਦੀ ਧੁੱਪ ਹੁੰਦੀ ਸੀ ਅਤੇ ਬਾਬਿਆਂ ਨੇ ਕਹਿਣਾ ਵੇਖੋ ਕਿਵੇਂ ਨਾੜ ਦੇ ਜੜਾਕੇ ਪੈਂਦੇ ਨੇ ਤੇ ਵਧੀਆ ਤੂੜੀ ਬਣਦੀ ਸੀ । ਪੈਰੀਂ ਦੇ ਪਾਸਿਉਂ ਤੋਂ ਡਿਗਿਆ ਨਾੜ ਤਰੰਗੀ ਨਾਲ ਪੈਰੀ ਦੇ ਨਾਲ ਜਾਂ ਪੈਰੀ ਵਿਚ ਸੁੱਟਿਆ ਜਾਂਦਾ ਸੀ ਕਿਉਕਿ ਉਹ ਤੂੜੀ ਬਣ ਜਾਵੇ ਗਹੁੰਦਿਆਂ ਗਹੁੰਦਿਆਂ ਪੈਰੀ ਜੰਮ ਜਾਂਦੀ ਤੇ ਤੂੜੀ ਬਣ ਜਾਂਦੀ ਸੀ ਤੇ ਹੇਠਾਂ ਮੋਟੀ ਪਈ ਰਹਿੰਦੀ ਫੇਰ ਉਸ ਨੂੰ ਫਰੋਲਿਆ ਜਾਂਦਾ ਸੀ ਮੋਟੀ ਤੂੜੀ ਉਪਰ ਲਿਆਂਦੀ ਜਾਂਦੀ ਸੀ । ਉੱਪਰ ਲਾਗੇ ਨੂੰ ਕਰਨ ਲਈ ਪਟ ਦੇਈਦੀ ਕਿਹਾ ਜਾਂਦਾ ਸੀ ਦੁਪਹਿਰਾਂ ਨੂੰ ਪਸ਼ੂਆਂ ਨੂੰ ਛੱਡ ਦਿੱਤਾ ਜਾਂਦਾ ਸੀ । ਉਹਨਾਂ ਨੂੰ ਜੌਅ ਦਾ ਆਟਾ ਭਿਉਂ ਕੇ ਬਣਾਏ ਗਾੜੇ ਸੱਤੂ ਪਿਆਏ ਜਾਂਦੇ ਸਨ ।

ਸ਼ੈਂਡ ਬਣ ਤੋਂ ਇਕੱਠੀ ਕਰਕੇ ਧੜ ਲਾ ਦਿੱਤੀ ਜਾਂਦੀ ਸੀ ਤਰੰਗਲੀ ਨਾਲ ਹਵਾ ਵਿਚ ਉਡਾਈ ਜਾਂਦੀ ਸੀ ਤੇਜ਼ ਹਵਾ ਆਉਣ ਧੜ ਉਡਾਉਣੀ ਰੋਕ ਦਿੱਤੀ ਜਾਂਦੀ ਸੀ । ਕਿਉਕਿ ਬਰੀਕ ਤੂੜੀ ਹਵਾ ਵਿਚ ਉੱਡ ਜਾਵੇਗੀ । ਸਵੇਰ ਸਵੇਰ ਰੁਮਕਦੀ ਜਿਹੀ ਹਵਾ ਵਿਚ ਹਮੇਸ਼ਾਂ ਧੜ ਉਡਾਈ ਜਾਂਦੀ ਸੀ । ਜਿੰਨਾ ਚਿਰ ਪਿੜ ਨਾ ਚੁਕੇ ਜਾਂਦੇ ਬਾਬੇ ਘਰ ਨਾ ਆਉਂਦੇ ਸਨ । ਹਮੇਸ਼ਾ ਤੂੜੀ ਛਾਣਕੇ ਹੀ ਪਾਈ ਜਾਂਦੀ ਸੀ ਨਾਲ ਪਸ਼ੂ ਨੂੰ ਬੰਨ ਨਹੀਂ ਪੈਂਦਾ ਸੀ । ਕਿਉਕਿ ਮਿੱਟੀ ਵਾਲੀ ਤੂੜੀ ਨਾਲ ਡੰਗਰਾਂ ਨੂੰ ਬੰਨ ਪੈ ਜਾਂਦੇ ਸਨ ਅਤੇ ਵਧੀਆ ਸਾਫ ਸੁੱਥਰੀ ਤੂੜੀ ਪਸ਼ੂਆਂ ਨੂੰ ਪਾਈ ਜਾਂਦੀ ਸੀ । ਹੁਣ ਤਾਂ ਨਾ ਕਿਸੇ ਨੂੰ ਪਸ਼ੂ ਰੱਖਣ ਦਾ ਸ਼ੌਕ ਹੈ, ਨਾ ਹੀ ਤੂੜੀ ਕੋਈ ਮੋਟੀ ਨਾ ਬਰੀਕ ਬਣਾਉਣ ਦਾ ਸ਼ੌਕ ਹੈ । ਇਸ ਪਾਸੇ ਕਿਸੇ ਵੀ ਰੁੱਚੀ ਨਹੀਂ ਹੈ । ਅੱਜ ਮਸ਼ੀਨਾਂ ਨਾਲ ਮਿੰਟਾਂ ਵਿਚ ਕੰਮ ਹੋ ਰਹੇ ਹਨ । ਬਟਨ ਦੱਬੋ ਸਭ ਕੰਮ ਹੋ ਜਾਂਦੇ ਹਨ । ਜੇ ਅੱਜ ਬਜ਼ੁਰਗ ਆ ਜਾਣ ਤਾਂ ਹੈਰਾਨ ਹੋ ਜਾਣ ਕਿ ਸਵੇਰੇ ਜਾਓ ਸ਼ਾਮ ਨੂੰ ਤੂੜੀ ਦਾਣੇ ਲੈ ਕੇ ਘਰ ਆਓ ਜਾਂ ਉੱਪਰ ਪੁਰਾਤਨ ਵੇਲੇ ਫਿਰ ਵੀ ਅਜ ਤੋਂ ਵਧੇਰੇ ਚੰਗੇ ਸਨ ।



## ਪਪੀਤੇ ਦੇ ਫਾਇਦੇ

ਪਪੀਤਾ ਇਕ ਅਜਿਹਾ ਸਦਾਬਹਾਰ ਫਲ ਹੈ, ਜੋ ਪੂਰਾ ਸਾਲ ਬਾਜ਼ਾਰ ਵਿਚ ਉਪਲੱਬਧ ਰਹਿੰਦਾ ਹੈ। ਇਹ ਫਲ ਮਿੱਠਾ ਹੋਣ ਦੇ ਨਾਲ ਨਾਲ ਜ਼ਿਆਦਾ ਮਹਿੰਗਾ ਵੀ ਨਹੀਂ ਹੈ। ਇਸ ਫਲ ਨੂੰ ਹਰ ਉਮਰ ਦਾ ਵਿਅਕਤੀ ਖਾ ਸਕਦਾ ਹੈ। ਇਹ ਕਦੇ ਹਾਨੀਕਾਰਕ ਨਹੀਂ ਹੈ। ਹਾਂ, ਜਿਥੋਂ ਤੱਕ ਹੋ ਸਕੇ, ਰਾਤ ਨੂੰ ਇਸ ਦਾ ਸੇਵਨ ਨਾ ਕਰੋ ਅੰਮ੍ਰਿਤ ਬਰਾਬਰ ਇਸ ਫਲ ਦੇ ਅਨੇਕ ਫਾਇਦੇ ਹਨ। ਤੁਸੀਂ ਵੀ ਕਈ ਬਿਮਾਰੀਆਂ ਵਿੱਚ ਇਸ ਦੀ ਵਰਤੋਂ ਕਰਕੇ ਲਾਭ ਲੈ ਸਕਦੇ ਹੋ।

- ਜੇ ਤੁਹਾਡੇ ਦੰਦਾਂ ਵਿੱਚ ਦਰਦ ਹੈ ਤਾਂ ਪਪੀਤੇ ਵਿਚੋਂ ਨਿਕਲਣ ਵਾਲੇ ਸਫੈਦ ਦੁੱਧ ਨੂੰ ਰੂੰ ਦੇ ਫਹੇ ਵਿਚ ਭਰ ਕੇ ਦੰਦ ਥੱਲੇ ਦਬਾਅ ਲਓ।
- ਬੱਚਿਆਂ ਜਾਂ ਬਜ਼ੁਰਗਾਂ ਦੇ ਗਲੇ ਵਿਚ ਟੌਂਸਲ ਹੋ ਜਾਣ ਤਾਂ ਕੱਚੇ ਪਪੀਤੇ ਨੂੰ ਦੁੱਧ ਵਿਚ ਮਿਲਾ ਕੇ ਗਰਾਰੇ ਕਰੋ। ਹਫ਼ਤਾ ਭਰ ਇਸ ਤਰ੍ਹਾਂ ਕਰਨ ਨਾਲ ਇਹ ਸਮੱਸਿਆ ਦੂਰ ਹੋ ਜਾਵੇਗੀ।
- ਉੱਚ ਖੂਨ ਦਬਾਅ ਵਾਲੇ ਵਿਅਕਤੀ ਸਵੇਰੇ ਖਾਲੀ ਪੇਟ 500 ਗ੍ਰਾਮ ਤਾਜ਼ਾ ਪਪੀਤਾ ਖਾਣ ਪਰ ਇਕ ਤੋਂ ਡੇਢ ਘੰਟੇ ਤੱਕ ਨਾ ਤਾਂ ਪਾਣੀ ਪੀਣ, ਨਾ ਹੀ ਕੁਝ ਖਾਣ।
- ਜੇ ਤੁਹਾਡਾ ਹਾਜ਼ਮਾ ਸਹੀ ਨਹੀਂ ਹੈ, ਖੱਟੇ ਡਕਾਰ ਆਉਂਦੇ ਹਨ ਤਾਂ ਰੋਜ਼ ਇਕ ਛੋਟਾ ਪਪੀਤਾ ਖਾਣਾ ਖਾਣੇ ਤੋਂ ਬਾਅਦ ਖਾਓ।
- ਜੇਕਰ ਬੱਚਿਆਂ ਦੇ ਪੇਟ ਵਿੱਚ ਕੀੜੇ ਹੋ ਜਾਣ ਤਾਂ ਪਪੀਤੇ ਦੇ 10 ਤੋਂ 12 ਬੀਜ ਪੀਸ ਕੇ ਅੱਧਾ ਗਿਲਾਸ ਪਾਣੀ ਵਿਚ ਮਿਲਾ ਕੇ 10 ਤੋਂ 15 ਦਿਨ ਤੱਕ ਲੈਣ ਨਾਲ ਕੀੜੇ ਮਰ ਕੇ ਬਾਹਰ ਨਿਕਲ ਜਾਂਦੇ ਹਨ।
- ਜੇ ਜਿਗਰ ਅਤੇ ਤਿੱਲੀ ਰੋਗ ਹੈ ਤਾਂ ਅੱਧ ਪੱਕੇ ਪਪੀਤੇ ਦੇ ਟੁਕੜਿਆਂ ਨੂੰ ਕੱਟ ਕੇ ਇਕ ਹਫ਼ਤੇ ਤੱਕ ਸਿਰਕੇ ਵਿਚ ਭਿਉਂ ਦਿਓ। ਇਸ ਤੋਂ ਬਾਅਦ ਇਕ ਟੁਕੜਾ ਰੋਜ਼ ਖਾਓ।
- ਜੇ ਪੇਟ ਵਿੱਚ ਕਬਜ਼ ਰਹਿੰਦੀ ਹੈ ਤਾਂ ਇਕ ਛੋਟਾ ਪਪੀਤਾ ਉਦੋਂ ਤੱਕ ਖਾਓ ਜਦੋਂ ਤੱਕ ਕਬਜ਼ ਦੂਰ ਨਾ ਹੋ ਜਾਵੇ।
- ਚਿਹਰੇ ਤੇ ਹਲਕੀਆਂ ਛਾਈਆਂ ਪੈਣ ਤੇ ਪੱਕੇ ਪਪੀਤੇ ਨੂੰ ਪੀਸ ਕੇ ਉਸ ਦੇ ਗੁੱਦੇ ਨੂੰ ਮਲੋ। ਲਾਭ ਹੋਵੇਗਾ।
- ਪਿਸ਼ਾਬ ਵਿਚ ਜਲਣ ਦੀ ਸ਼ਿਕਾਇਤ ਹੈ ਤਾਂ ਕੱਚੇ ਪਪੀਤੇ ਦੀ ਸਬਜ਼ੀ ਜਾਂ ਰਾਇਤਾ ਬਣਾ ਕੇ ਖਾਓ।

ਹਾਂ, ਗਰਭਵਤੀ ਔਰਤਾਂ ਪਪੀਤੇ ਦਾ ਕਦੇ ਸੇਵਨ ਨਾ ਕਰਨ। ਇਸ ਨਾਲ ਕਦੇ ਕਦੇ ਗਰਭਪਾਤ ਹੋ ਜਾਂਦਾ ਹੈ।

# ਕਿਸਾਨ ਭਰਾਵਾਂ ਲਈ ਖੇਤੀ ਰੁਝੇਵੇਂ

ਬਾਕੀ ਸਫਾ 5 ਦੀ

ਖਾਦਾਂ ਦੇ ਨਾਲ ਜਰੂਰ ਪਾਓ । ਤੇਲ ਬੀਜਾ ਦੇ ਵਧੇਰੇ ਝਾੜ ਲੈਣ ਲਈ ਤੋਰੀਆ ਅਤੇ ਗੋਭੀ ਸਰ੍ਹੋਂ ਇਕੱਠੇ ਅੱਧ ਸਤੰਬਰ ਨੂੰ ਬੀਜ ਦਿਓ । ਬਿਜਾਈ 22.5 ਸੈਂਟੀਮੀਟਰ ਦੂਰੀ ਦੀਆਂ ਕਤਾਰਾਂ ਵਿਚ ਕਰੋ ਜਾਂ ਤੋਰੀਏ ਦਾ ਛਟਾ ਦੇ ਕੇ ਗੋਭੀ ਸਰ੍ਹੋਂ ਨੂੰ 45 ਸੈਂਟੀਮੀਟਰ ਵਿੱਥ ਦੀਆਂ ਕਤਾਰਾਂ ਤੇ ਦੋਨੋਂ ਫਸਲਾਂ ਦਾ 1-1 ਕਿਲੋ ਬੀਜ ਵਰਤੋ ।

**ਸੋਇਆਬੀਨ** : ਸੋਇਆਬੀਨ ਦੀ ਫਸਲ ਫਲੀ ਭਰਨ ਦੇ ਪੜਾਅ 'ਤੇ ਹੈ । ਇਸ ਲਈ ਸੋਇਆਬੀਨ ਦੇ ਕਾਸ਼ਤਕਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਰੋਜ਼ਾਨਾਂ ਦੀ ਬਰਸਾਤ ਕਾਰਨ ਸੋਇਆਬੀਨ ਦੇ ਖੇਤਾਂ ਵਿਚ ਪਾਣੀ ਖੜ੍ਹਾ ਨਾ ਹੋਣ ਦੇਣ । ਕਿਸਾਨਾਂ ਨੂੰ ਇਸ ਗੱਲ ਦਾ ਵੀ ਧਿਆਨ ਰੱਖਣਾ ਹੈ ਕਿ ਖੇਤ ਸੁੱਕਾ ਨਾ ਹੋਵੇ ਜਿਸ ਨਾਲ ਝਾੜ ਘੱਟ ਨਿਕਲੇ । ਕਈ ਥਾਵਾਂ 'ਤੇ ਬਿਹਾਰ ਕੈਟਰਪਿਲਰ ਦਾ ਹਮਲਾ ਦੇਖਿਆ ਗਿਆ ਹੈ । ਇਹ ਗਰੇਗਰੀਅਸ ਫੀਡਰ ਹੈ । ਸ਼ੁਰੂ ਵਿਚ, ਇਹ ਕੁੱਝ ਪੌਦਿਆਂ 'ਤੇ ਹਮਲਾ ਕਰਦਾ ਹੈ । ਇਸ ਦੇ ਹਮਲੇ ਨੂੰ ਕਾਬੂ ਕਰਨ ਲਈ, ਸੰਕਰਮਿਤ ਪੌਦਿਆਂ ਨੂੰ ਧਿਆਨ ਨਾਲ ਪੁੱਟ ਦਿਓ ਅਤੇ ਮਿੱਟੀ ਵਿਚ ਦੱਬ ਦਿਓ ।

**ਬਾਗਬਾਨੀ** : ਇਹ ਸਮਾਂ ਸਦਾਬਹਾਰ ਫਲਦਾਰ ਬੂਟੇ ਜਿਵੇਂ ਅੰਬ, ਨਿੰਬੂ ਜਾਤੀ ਦੇ ਬੂਟੇ (ਕਿੰਨੂ, ਮਾਲਟਾ, ਮਿੱਠਾ ਨਿੰਬੂ, ਬਾਰਾਮਾਸੀ ਨਿੰਬੂ, ਗ੍ਰੇਪਫਰੂਟ) ਲੀਚੀ, ਆਮਲਾ, ਪਪੀਤੇ ਅਦਿ ਦੇ ਬੂਟੇ ਲਗਾਉਣ ਦਾ ਬਹੁਤ ਹੀ ਢੁੱਕਵਾਂ ਸਮਾਂ ਹੈ । ਪਰ ਇਹ ਬੂਟੇ ਛੇਤੀ ਤੋਂ ਛੇਤੀ ਲਗਾ ਦੇਣੇ ਚਾਹੀਦੇ ਹਨ ਕਿਉਕਿ ਫਿਰ ਤਾਪਮਾਨ ਵਿਚ ਗਿਰਾਵਟ ਹੋਣ ਨਾਲ ਪੌਦਿਆਂ ਦਾ ਵਾਧਾ ਸ਼ੁਰੂ ਨਹੀਂ ਹੁੰਦਾ । ਨਵੇਂ ਲਗਾਏ ਗਏ ਬੂਟੇ ਬਹੁਤ ਹੀ ਕੋਮਲ ਹੁੰਦੇ ਹਨ, ਇਸ ਲਈ ਉਹ ਖਾਸ ਦੇਖ ਭਾਲ ਮੰਗਦੇ ਹਨ । ਉਨ੍ਹਾਂ ਦੀ ਕਾਂਟ-ਛਾਂਟ, ਤਣੇ ਦੀ ਸਫੈਦੀ, ਪਾਣੀ ਅਤੇ ਹੋਰ ਬੂਟੇ ਤੇ ਸੁਰੱਖਿਆ ਪ੍ਰਬੰਧਾਂ ਵੱਲ ਧਿਆਨ ਦਿਓ । ਨਿੰਬੂ ਜਾਤੀ ਤੇ ਬੂਟਿਆਂ ਵਿਚ ਸਿਟਰਸ ਸਿੱਲੇ ਦੀ ਰੋਕਥਾਮ ਲਈ 160 ਗ੍ਰਾਮ ਐਕਟਾਰਾ 25 ਡਬਲਯੂ ਜੀ ਜਾਂ 200 ਮਿ.ਲਿ. ਕਰੋਕੋਡਾਈਲ 17.8 ਐਸ ਐਲ ਦਾ 500 ਲਿਟਰ ਪਾਣੀ ਵਿਚ ਘੋਲ ਕੇ ਛਿੜਕਾਅ ਕਰਨਾ ਚਾਹੀਦਾ ਹੈ । ਟਹਿਣੀਆਂ ਦਾ ਸੁੱਕਣਾ ਅਤੇ ਫਲ ਗਲਣ ਦੀ ਰੋਕਥਾਮ ਲਈ ਨਿੰਬੂ ਜਾਤੀ ਦੇ ਬੂਟਿਆਂ ਤੇ ਬੋਰਡੋ ਮਿਸ਼ਰਣ ਦਾ ਘੋਲ 2: 2: 250 ਛਿੜਕਾਅ ਕਰੋ । ਬਾਗਾਂ ਜਾਂ ਇਸ ਦੇ ਆਲੇ-ਦੁਆਲਿਉਂ ਨਦੀਨਾਂ ਖਾਸ ਕਰਕੇ ਕਾਂਗਰਸ ਘਾਹ, ਭੰਗ ਆਦਿ ਨੂੰ ਪੁੱਟ ਦਿਉ । ਬਿਮਾਰੀ ਜਾਂ ਕੀੜ੍ਹੇ ਕਾਰਨ ਨਿੰਬੂ ਜਾਤੀ ਦੇ ਕੇਰ ਵਾਲੇ ਫਲਾਂ ਨੂੰ ਇਕੱਠਾ ਕਰਕੇ ਦਬਾ ਦਿਓ । ਅਮਰੂਦ ਦੇ ਬਾਗਾਂ ਨੂੰ ਸਿਫਾਰਿਸ਼ਾਂ ਮੁਤਾਬਿਕ ਰਸਾਇਣਕ ਖਾਦਾਂ ਦੀ ਦੂਜੀ ਕਿਸ਼ਤ ਪਾਉਣ ਦਾ ਇਹ ਢੁੱਕਵਾਂ ਸਮਾਂ ਹੈ ।



**ਸਬਜ਼ੀਆਂ** : ਸਬਜ਼ੀਆਂ ਦੀ ਸਿੰਚਾਈ ਮਾਨਸੂਨ ਦੀ ਭਵਿੱਖਬਾਣੀ ਅਨੁਸਾਰ ਕਰੋ । ਖੜੀਆਂ ਫਸਲਾਂ ਵਿਚ ਮੀਂਹ ਦਾ ਪਾਣੀ ਖੜਾ ਨਾ ਰਹਿਣ ਦਿਉ । ਫੁੱਲਗੋਭੀ ਦੀ ਮੁੱਖ ਸਮੇਂ ਦੀਆਂ ਕਿਸਮਾਂ ਦੀ ਪਨੀਰੀ ਖੇਤ ਵਿਚ ਲਗਾਉ । ਸਰਦੀਆਂ ਦੀ ਸਬਜ਼ੀਆਂ ਜਿਵੇਂ ਕਿ ਮੂਲੀ, ਗਾਜਰ, ਸ਼ਲਗਮ ਪਾਲਕ ਆਦਿ ਦੀ ਬਿਜਾਈ ਸ਼ੁਰੂ ਕੀਤੀ ਜਾ ਸਕਦੀ ਹੈ । ਪੰਜਾਬ ਸੁਹਾਵਨੀ, ਭਿੰਡੀ ਦੀਆਂ ਪੰਜਾਬ ਲਾਲੀਮਾ ਕਿਸਮਾਂ ਅਤੇ ਕਾਉਪੀਆ-263 ਕਿਸਮਾਂ ਦੀ ਬੀਜਾਈ ਦਾ ਇਹ ਸਹੀ ਸਮਾਂ ਹੈ । ਗੋਭੀ ਦੀਆਂ ਅਗੇਤੀਆਂ ਕਿਸਮਾਂ ਦੇ ਬੀਜਾਂ ਦੀ ਬਿਜਾਈ ਮੁੱਖ ਖੇਤ ਵਿਚ ਕੀਤੀ ਜਾ ਸਕਦੀ ਹੈ । ਭਿੰਡੀ ਅਤੇ ਵੇਲਾਂ ਵਾਲੀਆਂ ਸਬਜ਼ੀਆਂ ਦੀ ਸਿੰਚਾਈ ਮਾਨਸੂਨ ਦੀ ਭਵਿੱਖਬਾਣੀ ਅਨੁਸਾਰ ਕਰੋ । ਬੈਂਗਣ ਅਤੇ ਫੁੱਲਗੋਭੀ ਦੀ ਮੁੱਖ ਸਮੇਂ ਲਈ ਸਿਫਾਰਸ਼ ਕੀਤੀਆਂ ਕਿਸਮਾਂ ਦੀ ਪਨੀਰੀ ਮੁੱਖ ਖੇਤ ਵਿਚ ਲਗਾਓ । ਵੇਲਾਂ ਵਾਲੀਆਂ ਸਬਜ਼ੀਆਂ ਨੂੰ ਸਪੋਰਟ ਦਿਉ ਪਰ ਇਸ ਗੱਲ ਦਾ ਧਿਆਨ ਰੱਖੋ ਕਿ ਵੇਲਾਂ ਨੂੰ ਕੋਈ ਨੁਕਸਾਨ ਨਾ ਪਹੁੰਚੇ ।

**ਪਸ਼ੂ ਪਾਲਣ** : ਪਸ਼ੂ ਪਾਲਣ ਅੰਦਰੂਨੀ ਕੀਟ ਰੋਗ ਜਿਵੇਂ ਕਿ ਗੋਲ ਕੀੜੇ, ਚਪਟੇ ਕੀੜੇ ਆਦਿ ਦਾ ਵੱਖ-ਵੱਖ ਇਲਾਜ ਕੀਤਾ ਜਾਂਦਾ ਹੈ ਇਨ੍ਹਾਂ ਦੇ ਖਾਤਮੇ ਲਈ ਕਈ ਦਵਾਈਆਂ ਜਿਵੇਂ ਕਿ ਪਿਪਰਾਜੀਨ ਪਾਊਡਰ, ਫੈਨਬੈਂਡਾਜੋਲ, ਅਲਬੈਂਡਾਜੋਲ ਆਦਿ ਵਰਤ ਸਕਦੇ ਹਾਂ । ਰੋਗੀ ਪਸ਼ੂਆਂ ਨੂੰ ਤੰਦਰੁਸਤ ਪਸ਼ੂਆਂ ਤੋਂ ਵੱਖ ਰੱਖੋ । ਸ਼ੱਕ ਦੀ ਹਾਲਤ ਵਿਚ ਸਾਰੇ ਵੱਗ ਦੇ ਗੋਹੇ ਦੀ ਲੈਬੋਰੇਟਰੀ ਤੋਂ ਪਰਖ ਕਰਵਾਉ ਅਤੇ ਖਾਸ ਕਰਕੇ ਉਨ੍ਹਾਂ ਪਸ਼ੂਆਂ ਦੀ ਜੋ ਕਿ ਖੁਰਾਕ ਪੂਰੀ ਮਿਲਣ ਦੇ ਬਾਵਜੂਦ ਵੀ ਕਮਜ਼ੋਰ ਰਹਿੰਦੇ ਹਨ । ਖੂਨ ਦੀ ਪਰਖ ਵੀ ਜ਼ਰੂਰੀ ਹੈ ਕਿਉਕਿ ਕਈ ਰੋਗਾਂ ਦੀਆਂ ਨਿਸ਼ਾਨੀਆਂ ਪ੍ਰਗਟ ਹੋਣ ਤੋਂ ਪਹਿਲਾਂ ਹੀ ਪਛਾਣ ਕੀਤੀ ਜਾ ਸਕਦੀ ਹੈ । ਕੱਟੜੂ/ਵੱਛੜੂਆਂ ਨੂੰ ਪਹਿਲੇ 3 ਮਹੀਨੇ ਦੀ ਉਮਰ ਤੱਕ 3-4 ਵਾਰ ਕਿਰਮ ਰਹਿਤ ਕਰੋ ।

**ਕੰਢੀ ਖੇਤਰ, ਜੋ ਕਿ ਇਸਦੇ ਵਿਲੱਖਣ ਭੂਗੋਲ ਅਤੇ ਖੇਤੀ-ਜੰਗਲਾਤ ਅਭਿਆਸਾਂ ਲਈ ਜਾਣਿਆ ਜਾਂਦਾ ਹੈ, ਨੂੰ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਜੋ ਇਸਨੂੰ ਰਾਜ ਦੇ ਬਾਕੀ ਹਿੱਸਿਆਂ ਤੋਂ ਵੱਖ ਕਰਦੇ ਹਨ। ਧਰਤੀ ਹੇਠਲੇ ਪਾਣੀ ਦੇ ਨੀਵੇਂ ਪੱਧਰ, ਰੇਤਲੀ ਹੇਠਲੇ ਪਾਣੀ ਦੇ ਨੀਵੇਂ ਪੱਧਰ, ਰੇਤਲੀ ਮਿੱਟੀ ਦੀ ਬਣਤਰ ਅਤੇ ਪੌਸ਼ਟਿਕ ਤੱਤਾਂ ਦੀ ਘਾਟ ਦੇ ਵਧੇਰੇ ਪ੍ਰਚਲਣ ਦੇ ਨਾਲ, ਕੰਢੀ ਖੇਤਰ ਦੇ ਕਿਸਾਨਾਂ ਨੂੰ ਰਵਾਇਤੀ ਖੇਤੀ ਦੇ ਕਿਸਾਨਾਂ ਨੂੰ ਰਵਾਇਤੀ ਖੇਤੀ ਜੰਗਲਾਤ ਵਿਚ ਬਹੁਤ ਸਾਰੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਜੋ ਇਸਨੂੰ ਮੁਸ਼ਕਲ ਅਤੇ ਘੱਟ ਉਤਪਾਦਕ ਬਣਾਉਂਦੇ ਹਨ। ਸਵਾਲ ਪੈਦਾ ਹੈ : ਕੀ ਇਹ ਖੇਤਰ ਬਾਗਬਾਨੀ, ਸਬਜ਼ੀਆਂ, ਖਾਸ ਤੌਰ 'ਤੇ ਮੌਜੂਦਾ ਖੇਤੀ-ਜੰਗਲਾਤ ਅਭਿਆਸਾਂ ਦੇ ਸੁਮੇਲ ਨਾਲ, ਵਧੇਰੇ ਟਿਕਾਊ ਖੇਤੀ ਉਤਪਾਦਨ ਪ੍ਰਦਾਨ ਕਰਨ ਨਹੀ ਬਦਲ ਸਕਦਾ ਹੈ ?**



# ਕੰਢੀ ਖੇਤਰ ਵਿੱਚ ਬਾਗਬਾਨੀ ਦੀਆਂ ਸੰਭਾਵਨਾਵਾਂ

### ਕੰਢੀ ਖੇਤਰ ਦੀਆਂ ਮੁੱਖ ਚੁਣੌਤੀਆਂ

**ਹੇਠਲੇ ਪਾਣੀ ਦਾ ਪੱਧਰ** : ਕੰਢੀ ਖੇਤਰ ਵਿਚ ਧਰਤੀ ਹੇਠਲੇ ਪਾਣੀ ਦਾ ਪੱਧਰ ਚਿੰਤਾਜਨਕ ਤੌਰ 'ਤੇ ਹੇਠਾਂ ਹੈ, ਟਿਊਬਵੈੱਲਾਂ ਲਈ 200 ਤੋਂ 600 ਫੁੱਟ ਬੋਰ ਦੀ ਲੋੜ ਹੁੰਦੀ ਹੈ। ਕੰਢੀ ਕੈਨਾਲ ਸਿੰਚਾਈ ਪ੍ਰੋਜੈਕਟ ਵਰਗੇ ਅਸਫਲ ਪ੍ਰੋਜੈਕਟਾਂ ਨੇ ਪਾਣੀ ਦੀ ਕਮੀ ਨੂੰ ਵਧਾ ਦਿੱਤਾ ਹੈ। ਇਸ ਤੋਂ ਇਲਾਵਾ, ਇਸ ਖੇਤਰ ਵਿਚ ਪ੍ਰਚੱਲਿਤ ਰੇਤਲੀ ਮਿੱਟੀ ਪਾਣੀ ਨੂੰ ਨਹੀਂ ਰੱਖਦੀ, ਜਿਸ ਨਾਲ ਵਧੇਰੇ ਵਾਰ-ਵਾਰ



ਸਿੰਚਾਈ ਦੀ ਲੋੜ ਵੱਧ ਜਾਂਦੀ ਹੈ। ਬਦਕਿਸਮਤੀ ਨਾਲ, ਸਰਕਾਰ ਐਗਰੋ-ਫੋਰੈਸਟਰੀ ਵਿਚ ਤੁਪਕਾ ਸਿੰਚਾਈ ਲਈ ਸਬਸਿਡੀਆਂ ਪ੍ਰਦਾਨ ਨਹੀਂ ਕਰਦੀ, ਜਿਸ ਨਾਲ ਕਿਸਾਨਾਂ ਦੀਆਂ ਮੁਸ਼ਕਲਾਂ ਵਿਚ ਵਾਧਾ ਹੁੰਦਾ ਹੈ।

**ਰੇਤਲੀ ਮਿੱਟੀ ਅਤੇ ਪੌਸ਼ਟਿਕ ਤੱਤਾਂ ਦੀ ਕਮੀ** : ਕੰਢੀ ਖੇਤਰ ਦੀ ਰੇਤਲੀ ਮਿੱਟੀ ਵਿਚ ਪੌਦਿਆਂ ਦੇ ਮਜ਼ਬੂਤ ਵਿਕਾਸ ਨੂੰ ਸਮਰਥਨ ਦੇਣ ਲਈ ਲੋੜੀਂਦੇ ਪੌਸ਼ਟਿਕ ਤੱਤਾਂ ਦੀ ਘਾਟ ਹੈ, ਜਿਸ ਨਾਲ ਪੌਸ਼ਟਿਕ ਤੱਤਾਂ ਦੀ ਕਮੀ ਦੀਆਂ ਸਮੱਸਿਆਵਾਂ ਪੈਦਾ ਹੁੰਦੀਆਂ ਹਨ। ਇਹ ਨਾ ਸਿਰਫ ਫਸਲਾਂ ਦੀ ਪੈਦਾਵਾਰ 'ਤੇ ਅਸਰ ਪਾਉਂਦਾ ਹੈ, ਸਗੋਂ ਪੌਦਿਆਂ ਨੂੰ ਬਿਮਾਰੀਆਂ ਲਈ ਵਧੇਰੇ ਸੰਵੇਦਨਸ਼ੀਲ ਬਣਾਉਂਦਾ ਹੈ, ਜਿਸ ਨਾਲ ਖੇਤੀ-ਜੰਗਲਾਤ ਦੀਆਂ ਕਿਸਮਾਂ ਦੇ ਵਿਕਾਸ ਨੂੰ ਬੁਰੀ ਤਰ੍ਹਾਂ ਰੋਕਿਆ ਜਾਂਦਾ ਹੈ। ਮੌਸਮੀ ਨਦੀਆਂ (ਚੋਅਸ) ਤੋਂ ਆਏ ਫਲੈਸ਼ ਹੜ੍ਹ ਪਹਿਲਾਂ ਤੋਂ ਹੀ ਨਾਜ਼ੁਕ ਮਿੱਟੀ ਨੂੰ ਖਤਮ ਕਰਕੇ ਇਹਨਾਂ ਮੁੱਦਿਆਂ ਨੂੰ ਹੋਰ ਵਧਾ ਦਿੰਦੇ ਹਨ।

**ਬਿਮਾਰੀਆਂ ਅਤੇ ਕੀਟ ਪ੍ਰਬੰਧਨ** : ਖੇਤਰ ਦੀਆਂ ਖੇਤੀ ਜੰਗਲਾਤ ਫਸਲਾਂ, ਖਾਸ ਤੌਰ 'ਤੇ ਪੋਪਲਰ ਅਤੇ ਯੁਕਲਿਪਸ, ਕਈ ਬਿਮਾਰੀਆਂ ਲਈ ਕਮਜ਼ੋਰ ਹਨ, ਜਿਸ ਵਿਚ ਦੀਮਕ ਦਾ ਸੰਕਰਮਣ, ਫੰਗਲ ਸੰਕਰਮਣ, ਅਤੇ ਝੁਲਸ ਰੋਗ ਸ਼ਾਮਿਲ ਹਨ। ਕਿਸਾਨਾਂ ਨੂੰ ਉੱਚੇ ਦਰੱਖਤਾਂ 'ਤੇ ਕੀਟਨਾਸ਼ਕਾਂ ਦਾ ਛਿੜਕਾਅ ਕਰਨਾ ਬਹੁਤ ਚੁਣੌਤੀਪੂਰਨ ਲੱਗਦਾ ਹੈ, ਜਿਸ ਨਾਲ ਇਨ੍ਹਾਂ ਮੁੱਦਿਆਂ 'ਤੇ ਕਾਫੀ ਹੱਦ ਤੱਕ ਕੋਈ ਰੋਕ ਨਹੀਂ ਲੱਗਦੀ। ਝੁਲਸ ਰੋਗ ਦਾ ਵੱਧ ਰਿਹਾ ਪ੍ਰਚਲਣ ਖਾਸ ਤੌਰ 'ਤੇ ਚਿੰਤਾਜਨਕ ਹੈ ਕਿਉਂਕਿ ਇਹ ਫਸਲਾਂ ਨੂੰ ਕਾਫੀ ਨੁਕਸਾਨ ਪਹੁੰਚਾਉਂਦਾ ਹੈ।

**ਜ਼ਿੰਕ ਦੀ ਕਮੀ** : ਕੰਢੀ ਖੇਤਰ ਵਿਚ ਪੌਸ਼ਟਿਕ ਤੱਤਾਂ ਦੀ ਇੱਕ ਮਹੱਤਵਪੂਰਨ ਘਾਟ ਜ਼ਿੰਕ ਹੈ, ਜੋ ਰੁੱਖਾਂ ਅਤੇ ਪੌਦਿਆਂ ਦੇ ਵਿਕਾਸ ਵਿਚ ਬੁਰੀ ਤਰ੍ਹਾਂ ਰੁਕਾਵਟ ਪਾਉਂਦੀ ਹੈ। ਇਨ੍ਹਾਂ ਕਮੀਆਂ ਦਾ ਪਤਾ ਲਗਾਉਣ ਲਈ ਮਿੱਟੀ ਦੀ ਜਾਂਚ ਜ਼ਰੂਰੀ ਹੈ, ਪਰ ਕਿਸਾਨਾਂ ਨੂੰ ਇਨ੍ਹਾਂ ਨੂੰ ਦੂਰ ਕਰਨ ਅਤੇ ਮਿੱਟੀ ਦੀ ਸਿਹਤ ਨੂੰ ਸੁਧਾਰਨ ਲਈ ਇਕ ਆਸਾਨ ਅਤੇ ਕਿਫਾਇਤੀ ਤਰੀਕੇ ਦੀ ਲੋੜ ਹੈ।

### ਸੰਭਾਵੀ ਹੱਲ

**ਬਾਗਬਾਨੀ ਵੱਲ ਵੱਧਣਾ** : ਇਨ੍ਹਾਂ ਵਿਲੱਖਣ ਚੁਣੌਤੀਆਂ ਦੇ ਮੱਦੇਨਜ਼ਰ , ਬਾਗਬਾਨੀ ਵੱਲ ਵਧਣਾ, ਖੇਤੀ-ਜੰਗਲਾਹਤ ਖੇਤਰ ਦੇ ਕਿਸਾਨਾਂ ਲਈ ਵਧੇਰੇ ਲਚਕੀਲਾਪਣ ਅਤੇ ਆਮਦਨ ਪ੍ਰਦਾਨ ਕਰ ਸਕਦੀਆਂ ਹਨ। ਸਵਾਲ ਇਹ ਹੈ ਕਿ ਕਿਹੜੀਆਂ ਫਸਲਾਂ ਸਭ ਤੋਂ ਢੁੱਕਵੀਆਂ ਹੋਣਗੀਆਂ ?

### ਪਾਣੀ ਦੀ ਕਮੀ ਦਾ ਹੱਲ

**ਚੈੱਕ ਡੈਮ ਅਤੇ ਸਬਸਿਡੀਆਂ** : ਕੰਢੀ ਖੇਤਰ ਵਿਚ ਮੋਹਾਲੀ ਜ਼ਿਲ੍ਹੇ (ਸਿਸਵਾਂ ਅਤੇ ਮਿਰਜ਼ਾਪੁਰ ਡੈਮ) ਵਾਂਗ ਚੈੱਕ ਡੈਮਾਂ ਦੀ ਉਸਾਰੀ ਦੀ ਫੌਰੀ ਲੋੜ ਹੈ। ਇਹ ਡੈਮ ਅਚਾਨਕ ਹੜ੍ਹਾਂ ਦੇ ਪ੍ਰਭਾਵ ਨੂੰ ਘਟਾਉਣ, ਮਿੱਟੀ ਦੇ ਕਟੌਤੀ ਨੂੰ ਘਟਾਉਣ ਅਤੇ ਸਿੰਚਾਈ ਲਈ ਪਾਣੀ ਦਾ ਇੱਕ ਕੀਮਤੀ ਸਰੋਤ ਪ੍ਰਦਾਨ ਕਰਨ ਵਿਚ ਮਦਦ ਕਰ ਸਕਦੇ ਹਨ।

**ਐਗਰੋ ਫੋਰੈਸਟਰੀ ਲਈ ਤੁਪਕਾ ਸਿੰਚਾਈ ਸਹਾਇਤਾ** : ਇਸ ਤੋਂ ਇਲਾਵਾ, ਬਾਗਬਾਨੀ ਤੋਂ ਇਲਾਵਾ ਤੁਪਕਾ ਸਿੰਚਾਈ ਲਈ ਸਰਕਾਰੀ ਸਬਸਿਡੀਆਂ ਅਤੇ ਐਗਰੋ ਫੋਰੈਸਟਰੀ ਨੂੰ ਵਧਾਉਣਾ ਇਕ ਗੇਮ ਚੇਂਜਰ ਹੋਵੇਗਾ, ਜਿਸ ਨਾਲ ਕਿਸਾਨ ਆਪਣੀ ਰੋਜ਼ੀ-ਰੋਟੀ ਨੂੰ ਕਾਇਮ ਰੱਖਦੇ ਹੋਏ ਪਾਣੀ ਦੀ ਬਚਤ ਕਰ ਸਕਣਗੇ।

**ਐਗਰੋ ਫੋਰੈਸਟਰੀ ਲਈ ਕਾਰਬਨ ਕ੍ਰੈਡਿਟ** : ਕਾਰਬਨ ਕ੍ਰੈਡਿਟ ਕਮਾਉਣ ਲਈ ਖੇਤੀ-ਜੰਗਲਾਤ ਦੀ ਯੋਗਤਾ ਇੱਕ ਹੋਰ ਅਣਵਰਤੀ ਸੰਭਾਵਨਾ ਹੈ। ਪੀ ਏ ਯੂ ਜਾਂ ਪੰਜਾਬ ਜੰਗਲਾਤ ਵਿਭਾਗ ਕਿਸਾਨਾਂ ਦੀ ਤਰਫੋਂ ਇਨ੍ਹਾਂ ਕਰੈਡਿਟਾਂ ਨੂੰ ਸੁਰੱਖਿਅਤ ਕਰਨ ਵਿਚ ਅਗਵਾਈ ਕਰ ਸਕਦਾ ਹੈ, ਜੋ ਕਿ ਖੇਤੀ-ਜੰਗਲਾਤ ਦਾ ਅਭਿਆਸ-ਕਰਨ ਵਾਲਿਆਂ ਲਈ ਆਮਦਨੀ ਦਾ ਇੱਕ ਵਾਧੂ ਸਟ੍ਰੀਮ ਜੋੜ ਸਕਦਾ ਹੈ।

**ਵਿਦਿਅਕ ਸੰਸਥਾਵਾਂ ਦੀ ਭੂਮਿਕਾ** : ਬੀ. ਐਸ. ਸੀ. ਪੀ. ਏ. ਯੂ. ਦੇ ਬਾਲੂਵਾਲ ਸਕਰੌਦੀ ਐਕਸਟੈਂਸ਼ਨ ਕਾਲਜ ਦੇ ਵਿਦਿਆਰਥੀ ਕਿਸਾਨਾਂ ਦੀ ਮਦਦ ਕਰਨ ਵਿਚ ਅਹਿਮ ਭੂਮਿਕਾ ਨਿਭਾ ਸਕਦੇ ਹਨ। ਖੇਤਰ ਦੇ ਨਿਯਮਤ ਦੌਰੇ, ਜਿੱਥੇ ਵਿਦਿਆਰਥੀ ਚੁਣੌਤੀਆਂ ਦਾ ਖੁਦ ਅਧਿਐਨ ਕਰਦੇ ਹਨ, ਕੀਮਤੀ ਸੂਝ ਪ੍ਰਦਾਨ ਕਰਨਗੇ ਅਤੇ ਕੰਢੀ ਖੇਤਰ ਲਈ ਵਿਹਾਰਕ, ਖੋਜ-ਸੰਚਾਲਿਤ ਹੱਲ ਵਿਕਸਿਤ ਕਰਨ ਵਿਚ ਮਦਦ ਕਰਨਗੇ। ਅਕਾਦਮਿਕ ਸੰਸਥਾਵਾਂ ਅਤੇ ਸਥਾਨਕ ਕਿਸਾਨਾਂ ਵਿਚਕਾਰ ਇਹ ਸਹਿਯੋਗ ਕਿਸਾਨਾਂ ਵਿਚਕਾਰ ਇਹ ਸਹਿਯੋਗ ਸਫਲ ਤਬਦੀਲੀ ਲਈ ਲੋੜੀਂਦੇ ਨਵੀਨਤਾਕਾਰੀ ਪਹੁੰਚਾਂ ਨੂੰ ਚਲਾ ਸਕਦਾ ਹੈ। ਕੰਢੀ ਖੇਤਰ ਦੀਆਂ ਚੁਣੌਤੀਆਂ ਲਈ ਵਿਲੱਖਣ ਹੱਲਾਂ ਦੀ ਲੋੜ ਹੁੰਦੀ ਹੈ ਜੋ ਖੇਤੀ-ਜੰਗਲਾਤ ਨੂੰ ਬਾਗਬਾਨੀ, ਟਿਕਾਊ ਜਲ ਪ੍ਰਬੰਧਨ, ਅਤੇ ਨਵੀਨਤਾਕਾਰੀ ਖੇਤੀ ਅਭਿਆਸਾਂ ਨਾਲ ਮਿਲਾਉਂਦੇ ਹਨ। ਈਥਾਨੌਲ ਲਈ ਬਾਂਸ, ਅੰਤਰ-ਫਸਲੀ ਸੁਧਾਰ, ਬਿਹਤਰ ਰੋਗ ਪ੍ਰਬੰਧਨ ਅਤੇ ਕਾਰਬਨ ਕ੍ਰੈਡਿਟ ਪਹਿਲਕਦਮੀਆਂ ਵਧੀਆ ਮਾਰਗ ਹਨ। ਹਾਲਾਂਕਿ, ਇਸ ਤਬਦੀਲੀ ਲਈ ਪੀ ਏ ਯੂ ਵਰਗੀਆਂ ਅਕਾਦਮਿਕ ਸੰਸਥਾਵਾਂ, ਤੁਪਕਾ ਸਿੰਚਾਈ ਲਈ ਸਰਕਾਰੀ ਸਬਸਿਡੀਆਂ ਅਤੇ ਬਾਂਸ ਵਰਗੀਆਂ ਨਵੀਆਂ ਫਸਲਾਂ ਲਈ ਮੰਡੀ ਦੇ ਵਿਕਾਸ ਦੀ ਲੋੜ ਹੋਵੇਗੀ। ਆਖਰਕਾਰ, ਸਹੀ ਮਾਰਗ-ਦਰਸ਼ਨ ਅਤੇ ਨਿਵੇਸ਼ ਨਾਲ, ਕੰਢੀ ਖੇਤਰ ਵਧੇਰੇ ਟਿਕਾਊ ਅਤੇ ਲਾਭਦਾਇਕ ਖੇਤੀਬਾੜੀ ਭਵਿੱਖ ਵੱਲ ਵੱਧ ਸਕਦਾ ਹੈ, ਜਿਸ ਦਾ ਲਾਭ ਹੋ ਸਕਦਾ ਹੈ।

### ਈਥਾਨੌਲ ਉਤਪਾਦਨ ਲਈ ਬਾਂਸ ਦੀ ਕਾਸ਼ਤ

ਬਾਂਸ, ਇੱਕ ਤੇਜ਼ੀ ਨਾਲ ਵੱਧਣ ਵਾਲੀ ਅਤੇ ਬਹੁਪੱਖੀ ਫਸਲ, ਕੰਢੀ ਖੇਤਰ ਲਈ ਇੱਕ ਹੋਰ ਵਿਹਾਰਕ ਵਿਕਲਪ ਹੋ ਸਕਦੀ ਹੈ। ਗੰਨੇ ਦੇ ਮੁਕਾਬਲੇ ਉੱਚ ਸਮੱਗਰੀ ਵਾਲੇ ਬਾਂਸ ਦੀ ਇਕ ਵਿਸ਼ੇਸ਼ ਕਿਸਮ ਹੈ, ਜਿਸ ਦੀ ਵਰਤੋਂ ਈਥਾਨੌਲ ਉਤਪਾਦਨ ਲਈ ਕੀਤੀ ਜਾ ਸਕਦੀ ਹੈ। ਹਾਲਾਂਕਿ, ਇਸ ਤਬਦੀਲੀ ਦੇ ਸਫਲ ਹੋਣ ਲਈ, ਬਾਂਸ ਤੇ ਉਤਪਾਦਾਂ, ਲਈ ਇਕ ਮਾਰਕੀਟ ਵਿਕਸਤ ਕਰਨ ਦੀ ਲੋੜ ਹੈ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ (ਪੀਏਯੂ) ਅਤੇ ਜੰਗਲਾਤ ਵਿਭਾਗ ਖੇਤਰ ਵਿਚ ਈਥਾਨੌਲ ਫੈਕਟਰੀਆਂ ਨਾਲ ਖਰੀਦਦਾਰੀ ਪ੍ਰਬੰਧਾਂ ਦੀ ਸਹੂਲਤ ਦੇ ਸਕਦੇ ਹਨ।

### ਬਾਗਬਾਨੀ ਦੀਆਂ ਕਈ ਸੰਭਾਵਨਾਵਾਂ

ਕਿੰਨੂ (ਇੱਕ ਨਿੰਬੂ ਜਾਤੀ ਦਾ ਫਲ) ਤੇ ਖਜੂਰ ਵਰਗੀਆਂ ਫਲਾਂ ਦੀਆਂ ਫਸਲਾਂ ਨੂੰ ਪੇਸ਼ ਕਰਨਾ ਰਵਾਇਤੀ ਖੇਤੀ-ਜੰਗਲਾਤ ਫਸਲਾਂ ਦੇ ਮੁਕਾਬਲੇ ਉਨ੍ਹਾਂ ਦੀਆਂ ਪਾਣੀ ਦੀਆਂ ਘੱਟ ਲੋੜਾਂ ਕਾਰਨ ਲਾਭਦਾਇਕ ਹੋ ਸਕਦਾ ਹੈ। ਇਸ ਤੋਂ ਇਲਾਵਾ ਚਿਕਿਤਸਕ ਅਤੇ ਮਸਾਲੇ ਵਾਲੇ ਪੌਦੇ ਖੇਤਰ ਦੀਆਂ ਸਥਿਤੀਆਂ ਵਿਚ ਵੱਧ-ਫੁੱਲ ਸਕਦੇ ਹਨ। ਹਾਲਾਂਕਿ ਇਸ ਤਬਦੀਲੀ ਲਈ ਸਭ ਤੋਂ ਵਧੀਆ ਫਸਲਾਂ ਨੂੰ ਨਿਰਧਾਰਿਤ ਕਰਨ ਲਈ ਸਾਵਧਾਨ ਮਾਰਗ ਦਰਸ਼ਨ, ਖੋਜ ਅਤੇ ਮਾਰਕੀਟ ਸਹਾਇਤਾ ਦੀ ਲੋੜ ਹੋਵੇਗੀ।

### ਅੰਤਰ-ਫਸਲੀ ਤਕਨੀਕਾਂ ਅਪਣਾਉਣ ਤੇ ਖੋਜ ਦੀ ਲੋੜ

ਕੰਢੀ ਖੇਤਰ ਦੇ ਬਹੁਤ ਸਾਰੇ ਕਿਸਾਨ ਇਸ ਸਮੇਂ ਪੋਪਲਰ ਦਰੱਖਤਾਂ ਦੇ ਨਾਲ-ਨਾਲ ਅੰਤਰ-ਫਸਲੀ, ਕਣਕ ਅਤੇ ਚਾਰੇ ਦੀ ਬਿਜਾਈ ਅਭਿਆਸ ਕਰਦੇ ਹਨ। ਹਾਲਾਂਕਿ, ਪੋਪਲਰ ਅਤੇ ਯੂਕੇਲਿਪਟਸ ਦੇ ਦਰੱਖਤਾਂ ਵਿਚ ਅੰਤਰ-ਫਸਲੀ ਤਕਨੀਕਾਂ ਨੂੰ ਅਨੁਕੂਲਿਤ ਕਰਨ ਅਤੇ ਬਿਮਾਰੀਆਂ ਜਿਵੇਂ ਕਿ ਝੁਲਸ ਅਤੇ ਦੀਮਕ ਦੇ ਸੰਕਰਮਣ ਨੂੰ ਹੱਲ ਕਰਨ ਲਈ ਬਿਹਤਰ ਮਾਰਗ ਦਰਸ਼ਨ ਅਤੇ ਖੋਜ ਦੀ ਲੋੜ ਹੈ। ਪੋਪਲਰ ਕਿਸਮਾਂ ਦੇ ਵਿਕਾਸ ਦੀ ਵੀ ਲੋੜ ਹੈ ਜੋ ਜਲਦੀ ਉੱਗਦੀਆਂ ਹਨ ਅਤੇ ਘੱਟ ਪਾਣੀ ਦੀ ਵਰਤੋਂ ਕਰਦੀਆਂ ਹਨ, ਜਿਸ ਨੂੰ ਪੀ ਏ ਯੂ ਨੂੰ ਤਰਜੀਹ ਦੇਣੀ ਚਾਹੀਦੀ ਹੈ।

## ਗੁਣਾਂ ਦੀ ਸੌਗਾਤ ਹੈ ਖੁੰਬ ਢਿੰਗਰੀ

ਪੋਸ਼ਣ ਅਤੇ ਗੁਣਾਂ ਦੀ ਖੋਲ ਜਿੰਦਰੀ,  
ਕਿਸਾਨ ਵੀਰ ਕਰ ਕਾਸ਼ਤ ਖੁੰਬ ਢਿੰਗਰੀ।  
ਵਧਾਉ ਇਹ ਆਮਦਨ ਤੇ ਸੁਖਾਲੀ ਕਰੂ ਜਿੰਦੜੀ,  
ਗੁਣਾਂ ਦੀ ਸੌਗਾਤ ਹੈ ਖੁੰਬ ਢਿੰਗਰੀ।  
ਲਾਉਣੀ ਇਹ ਸੌਖੀ ਬੜੀ,  
ਸ਼ਾਮੀ ਕਰੋ ਗਿੱਲੀ ਤੂੜੀ,  
ਸਵੇਰ ਨੂੰ ਇਹ ਜਾਉ ਨਿਚੋੜੀ,  
ਰਲਾਕੇ ਬੀਜ, ਬੈਗਾਂ 'ਚ ਜਾਉ ਨੂੜੀ,  
ਯਾਦ ਨਾਲ ਜ਼ਰੂਰ ਕਰ ਦਿਉ ਬੈਗਾਂ ਥੱਲੇ ਮੋਰੀ।  
ਕਮਰੇ ਵਿਚ ਰੱਖ ਕੇ ਬੈਗ, ਕਰਨਾ ਨਹੀਂ ਹੁਣ ਫਿਕਰ।  
ਪੱਚੀ ਦਿਨ ਦੇ ਬਾਅਦ ਆਉ, ਹੁਣ ਪਾਣੀ ਦਾ ਜਿਕਰ।  
ਹੁਣ ਲਾ ਕੇ ਬੈਗਾਂ ਨੂੰ ਕੱਟ, ਸਵੇਰ-ਸ਼ਾਮ ਦਿਉ ਪਾਣੀ ਛਿੜਕ।  
ਦਸ ਦਿਨ ਬਾਅਦ ਆਉ, ਹੁਣ ਖੁੰਬਾਂ ਦੀ ਬਿੜਕ।  
ਘੁੰਮਾ-ਘੁੰਮਾ ਕੇ ਖੁੰਬਾਂ ਲਾਹੋ, ਰਹੇ ਨਾ ਕੋਈ ਝੇੜਾ।  
ਘਰੇ ਖਾਉ, ਵਧੂ ਕਮਾਉ, ਘਰ ਵਿੱਚ ਆਵੇ ਖੇੜਾ।  
ਆਖਿਰ 'ਜਸਪ੍ਰੀਤ ਅਤੇ ਸ਼ਿਵਾਨੀ ਕਰਨ ਨਬੇੜਾ, ਕਿ  
ਕਿਸਾਨ ਵੀਰ ਕਰ ਕਾਸ਼ਤ ਖੁੰਬ ਢਿੰਗਰੀ।  
ਵਧਾਉ ਇਹ ਆਮਦਨ ਤੇ ਸੁਖਾਲੀ ਕਰੂ ਜਿੰਦੜੀ,  
ਗੁਣਾਂ ਦੀ ਸੌਗਾਤ ਹੈ ਖੁੰਬ ਢਿੰਗਰੀ।

ਜਸਪ੍ਰੀਤ ਕੌਰ ਅਤੇ ਸ਼ਿਵਾਨੀ ਸ਼ਰਮਾ, ਸੂਖਮ ਜੀਵ ਵਿਭਾਗ,  
ਪੀ. ਏ. ਯੂ., ਲੁਧਿਆਣਾ (ਮੋ. 88728-63025)

# ਕੁੱਤਿਆਂ ਲਈ ਕਿਸੇ ਵਰਦਾਨ ਤੋਂ ਘੱਟ ਨਹੀਂ ਵੈਟਰਨਰੀ ਯੂਨੀਵਰਸਿਟੀ ਦਾ ਡਾਇਲਸਿਸ ਯੂਨਿਟ

ਵੈਟਰਨਰੀ ਦੇ ਖੇਤਰ ਵਿਚ ਜਦੋਂ ਵੀ ਦੇਸ਼ ਅਤੇ ਵਿਦੇਸ਼ਾਂ ਵਿੱਚ ਕੁੱਤਿਆਂ ਦੇ ਡਾਇਲਸਿਸ ਦੀ ਗੱਲ ਚੱਲਦੀ ਹੈ ਤਾਂ ਗੁਰੂ ਅੰਗਦ ਦੇਵ ਵੈਟਰਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ ਦਾ ਨਾਮ ਜ਼ਰੂਰ ਲਿਆ ਜਾਂਦਾ ਹੈ ਕਿਉਂਕਿ ਇਹ ਦੇਸ਼ ਦਾ ਦੂਸਰਾ ਅਤੇ ਨਾਰਥ ਇੰਡੀਆ ਦਾ ਪਹਿਲਾ ਡਾਇਲਸਿਸ ਯੂਨਿਟ ਹੈ ਜਿੱਥੇ ਕੁੱਤਿਆਂ ਲਈ ਡਾਇਲਸਿਸ ਦਾ ਖਾਸ ਪ੍ਰਬੰਧ ਹੈ। ਦੇਸ਼ ਦਾ ਪਹਿਲਾ ਡਾਇਲਸਿਸ ਯੂਨਿਟ ਬੇਸ਼ੱਕ ਵੈਟਰਨਰੀ ਕਾਲਜ ਮਦਰਾਸ ਵਿਖੇ ਹੈ ਪਰ ਉੱਥੇ ਵੀ ਉਹ ਕਾਰਜਸ਼ੀਲਤਾ ਨਹੀਂ ਜੋ ਵੈਟਰਨਰੀ ਯੂਨੀਵਰਸਿਟੀ, ਲੁਧਿਆਣਾ ਦੇ ਮਲਟੀ ਸਪੈਸ਼ਲਿਟੀ ਹਸਪਤਾਲ ਵਿਚ ਹੈ ਜੋ ਸੰਨ 2020 ਵਿਚ ਹੋਂਦ 'ਚ ਆਇਆ। ਇੱਥੇ ਇਨਫੈਕਸ਼ਨ ਨੂੰ ਦੂਰ ਕਰਨ ਲਈ ਵਿਸ਼ੇਸ਼ ਤੌਰ ਤੇ ਡਬਲਪਾਸ ਆਲਟਰਾਪਿਓਰ ਆਰੋ ਪਲਾਂਟ ਲਾਇਆ ਗਿਆ ਹੈ। ਇਸ ਯੂਨਿਟ ਵਿਚ ਪਿਛਲੇ ਦਿਨ੍ਹੀਂ ਕੋਰੀਆ ਤੋਂ ਆਏ ਡਾਕਟਰਾਂ ਨੂੰ ਟਰੇਨਿੰਗ ਦਿੱਤੀ ਗਈ। ਪੰਜਾਬ ਦੇ ਨਾਲ ਨਾਲ ਜੰਮੂ, ਹਿਮਾਚਲ ਪ੍ਰਦੇਸ਼, ਹਰਿਆਣਾ, ਯੂਪੀ, ਰਾਜਸਥਾਨ ਅਤੇ ਦਿੱਲੀ ਸਮੇਤ ਦੇਸ਼ ਦੇ ਕਈ ਰਾਜਾਂ ਤੋਂ ਪੀੜਤ ਕੁੱਤਿਆਂ ਦੇ ਮਾਲਕ ਉਨ੍ਹਾਂ ਦਾ ਇਲਾਜ ਕਰਵਾਉਣ ਲਈ ਵੈਟਰਨਰੀ ਯੂਨੀਵਰਸਿਟੀ ਪਹੁੰਚਦੇ ਹਨ।



### ਖੂਨ ਸਾਫ ਕਰਨ ਦੀ ਪ੍ਰਕਿਰਿਆ ਹੈ ਡਾਇਲਸਿਸ

ਡਾ. ਰਣਬੀਰ ਸਿੰਘ ਨੇ ਦੱਸਿਆ ਕਿ ਡਾਇਲਸਿਸ ਖੂਨ ਸਾਫ ਕਰਨ ਦੀ ਪ੍ਰਕਿਰਿਆ ਹੈ ਜਿਸ ਵਿਚ ਮਸ਼ੀਨ ਰਾਹੀਂ ਕੁੱਤੇ ਦਾ ਖੂਨ ਅਣਚਾਹੇ ਤੱਤਾਂ ਦਾ ਸਾਫ ਕੀਤਾ ਜਾਂਦਾ ਹੈ ਜਾਂ ਫਿਰ ਸਮਝ ਲਉ ਡਾਇਲਸਿਸ ਨਕਲੀ ਕਿਡਨੀ ਦੀ ਤਰ੍ਹਾਂ ਕੰਮ ਕਰਦਾ ਹੈ। ਖੂਨ ਕੱਢਣ ਲਈ ਡਾਇਲਸਿਸ ਕਥੇਟਰ ਗਰਦਨ ਤੋਂ ਦਿਲ ਤੱਕ ਪਾਇਆ ਜਾਂਦਾ ਹੈ। ਕੁੱਤਿਆਂ ਵਿਚ ਡਾਇਲਸਿਸ ਦਾ ਸ਼ੈਸਨ ਦੋ ਤੋਂ ਚਾਰ ਘੰਟੇ ਦਾ ਹੁੰਦਾ ਹੈ। ਇਸ ਸ਼ੈਸਨ ਦਾ ਸਮਾਂ ਕੁੱਤੇ ਦੀ ਹਾਲਤ ਉੱਤੇ ਨਿਰਭਰ ਕਰਦਾ ਹੈ। ਪਹਿਲਾ ਸ਼ੈਸਨ ਹਮੇਸ਼ਾਂ ਥੋੜੇ ਸਮੇਂ ਇਕ ਤੋਂ ਡੇਢ ਘੰਟੇ ਦਾ ਹੁੰਦਾ ਹੈ ਅਤੇ ਅਗਲੇ ਸ਼ੈਸਨ ਵਿਚ ਲੋੜ ਮੁਤਾਬਿਕ ਜ਼ਿਆਦਾ ਦੋ ਤੋਂ ਚਾਰ ਘੰਟੇ ਦਾ ਸਮਾਂ ਹੋ ਸਕਦਾ ਹੈ। ਜ਼ਿਆਦਾਤਰ ਦੋ ਸ਼ੈਸਨਾਂ ਵਿਚ ਇੱਕ ਦਿਨ ਦਾ ਵਕਫਾ ਹੁੰਦਾ ਹੈ ਜਾਨੀ ਕਿ ਇਕ ਹਫਤੇ ਵਿਚ ਤਿੰਨ ਸ਼ੈਸਨ ਅਤੇ ਕੁੱਤੇ ਦੀ ਹਾਲਤ ਸੁਧਰਨ ਨਾਲ ਸ਼ੈਸਨ ਹਫਤੇ ਵਿਚ ਇਕ ਵਾਰ ਵੀ ਲਗਾਇਆ ਜਾ ਸਕਦਾ ਹੈ। ਗੁਰਦੇ ਖਰਾਬ ਹੋਣ ਦੇ ਬਾਅਦ ਜੇਕਰ ਕੁੱਤਾ ਦਵਾਈਆਂ ਨਾਲ ਨਹੀਂ ਠੀਕ ਹੁੰਦਾ ਤਾਂ ਫਿਰ ਆਖਰੀ ਸਹਾਰੇ ਦੇ ਵਜੋਂ ਇਕ ਬਦਲ ਡਾਇਲਸਿਸ ਹੀ ਹੈ ਅਤੇ ਯੂਨੀਵਰਸਿਟੀ ਦਾ ਬਹੁਮੰਤਵੀ ਹਸਪਤਾਲ ਇਹ ਸੇਵਾ ਉਪਲੱਬਧ ਕਰਵਾਉਣ ਦੀ ਸਮਰੱਥਾ ਰੱਖਦਾ ਹੈ। ਜੋ ਕੋਸ਼ਿਸ਼ ਮਨੁੱਖਾਂ ਲਈ ਕੀਤੀ ਜਾਂਦੀ ਉਹ ਹੀ ਕੁੱਤਿਆਂ ਲਈ ਵੀ ਕੀਤੀ ਜਾਂਦੀ ਹੈ। ਇਸ ਯੂਨਿਟ ਵਿਚ ਐਕਸਰੇ, ਈ ਸੀ ਜੀ, ਈਕੋ ਕਾਡਿਓਗ੍ਰਾਫੀ ਅਤੇ ਇੰਡੋਸਕੋਪੀ ਦੀ ਸੁਵਿਧਾ ਉਪਲਬਧ ਹੈ।



### ਕਿਉਂ ਕੀਤੀ ਗਈ ਕੁੱਤਿਆਂ ਦੇ ਡਾਇਲਸਿਸ ਯੂਨਿਟ ਦੀ ਸ਼ੁਰੂਆਤ

ਡਾਇਲਸਿਸ ਯੂਨਿਟ ਵਿਚ ਕਾਰਜਸ਼ੀਲ ਟੀਮ 'ਚ ਇੰਚਾਰਜ ਅਤੇ ਅਸਿਸਟੈਂਟ ਪ੍ਰੋਫੈਸਰ, ਟੀਚਿੰਗ ਵੈਟਰਨਰੀ ਕਲੀਨਿਕਲ ਕੰਪਲੈਕਸ, ਵੈਟਰਨਰੀ ਯੂਨੀਵਰਸਿਟੀ, ਲੁਧਿਆਣਾ ਡਾ. ਰਣਬੀਰ ਸਿੰਘ ਤੋਂ ਇਲਾਵਾ ਡਾ. ਗੁਰਪ੍ਰੀਤ ਸਿੰਘ, ਡਾ. ਸਵਰਨ ਸਿੰਘ ਰੰਧਾਵਾ ਸ਼ਾਮਲ ਹਨ। ਡਾ. ਰਣਬੀਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਕਲੀਨਕ ਵਿਚ ਹਰ ਰੋਜ਼ 5 ਤੋਂ 6 ਉਹ ਕੁੱਤੇ ਇਲਾਜ ਲਈ ਆਉਂਦੇ ਸਨ ਜਿਨ੍ਹਾਂ ਦੀ ਕਿਡਨੀ ਖਰਾਬ ਹੋ ਚੁੱਕੀ ਹੁੰਦੀ ਸੀ। ਇਸ ਦਾ ਇੱਕੋ ਇਕ ਹੱਲ ਉਸੇ ਵਕਤ ਡਾਇਲਸਿਸ ਕਰ ਕੇ ਯੂਰੀਆ ਨੂੰ ਬਾਹਰ ਕੱਢਣਾ ਹੁੰਦਾ ਹੈ ਅਤੇ ਡਾਇਲਸਿਸ ਕਰ ਕੇ ਕੁੱਤਿਆਂ ਦੀ ਜ਼ਿੰਦਗੀ ਨੂੰ ਬਚਾਇਆ ਜਾ ਸਕਦਾ ਹੈ ਜੋ ਡਾਇਲਸਿਸ ਨਾ ਕਰਨ ਦੀ ਸੂਰਤ ਵਿਚ ਹਫਤੇ 'ਚ ਹੀ ਦਮ ਤੋੜ ਸਕਦੇ ਹਨ। ਉਨ੍ਹਾਂ ਦੱਸਿਆ ਕਿ ਮਨੁੱਖਾਂ ਵਾਂਗ ਹੁਣ ਕੁੱਤੇ ਵੀ ਸ਼ੂਗਰ, ਬੀਪੀ ਚਮੜੀ ਰੋਗ ਤੇ ਕਿਡਨੀ ਰੋਗ ਤੋਂ ਪੀੜਤ ਹੋਣ ਲੱਗੇ ਹਨ। ਜਿਸ ਤਰ੍ਹਾਂ ਮਨੁੱਖ ਵਿਚ ਦੋ ਕਿਡਨੀਆਂ ਕੰਮ ਕਰਦੀਆਂ ਹਨ, ਉਸੇ ਤਰ੍ਹਾਂ ਇਕ ਕੁੱਤੇ ਵਿਚ ਵੀ ਦੋ ਕਿਡਨੀਆਂ ਕਾਰਜਸ਼ੀਲ ਹਨ ਜੋ ਸਰੀਰ ਵਿੱਚੋਂ ਅਣਚਾਹੇ ਤੱਤ ਯੂਰਿਨ ਦੇ ਜ਼ਰੀਏ ਬਾਹਰ ਕੱਢ ਦਿੰਦੀਆਂ ਹਨ। ਜਿਸ ਤਰ੍ਹਾਂ ਮਨੁੱਖ ਦੀਆਂ ਕਿਡਨੀਆਂ ਕੰਮ ਕਰਨਾ ਬੰਦ ਕਰ ਦਿੰਦੀਆਂ ਹਨ, ਇਹੀ ਸਮੱਸਿਆ ਕੁੱਤਿਆਂ ਵਿਚ ਵੀ ਆ ਰਹੀ ਹੈ। ਇਸੇ ਨੂੰ ਧਿਆਨ ਵਿਚ ਰੱਖਦੇ ਹੋਏ ਵੈਟਰਨਰੀ ਯੂਨੀਵਰਸਿਟੀ, ਲੁਧਿਆਣਾ ਵਿਖੇ ਡਾਇਲਸਿਸ ਯੂਨਿਟ ਦੀ ਸ਼ੁਰੂਆਤ ਕੀਤੀ ਗਈ। ਕੁੱਤਿਆਂ ਵਿਚ ਚਿਚੜੀ ਰੋਗ ਨਾਮ ਜ਼ਰੂਰ ਕਿਡਨੀ ਖਰਾਬ ਹੋਣ ਦਾ ਵੱਡਾ ਕਾਰਨ ਹੈ, ਇਸ ਤੋਂ ਇਲਾਵਾ ਟਿੱਕ ਫੀਵਰ ਅਤੇ ਜ਼ਹਿਰਵਾਦ ਵੀ ਇਸ ਦਾ ਕਾਰਨ ਬਣਦਾ ਹੈ, ਜ਼ਹਿਰਵਾਦ ਕੁੱਤੇ ਦੇ ਪੇਟ ਚੱਟਣ ਨਾਲ, ਸੱਪ ਕੇ ਕੱਟਣ ਨਾਲ, ਦਵਾਈ ਦੀ ਦੁਰਵਰਤੋਂ ਨਾਲ ਅਤੇ ਵਹੀਕਲ ਦਾ ਇੰਜਣ ਆਇਲ ਚੱਟਣ ਨਾਲ ਵੀ ਫੈਲ ਸਕਦਾ ਹੈ। ਸਮੇਂ ਦੀ ਤਬਦੀਲੀ ਦੇ ਨਾਲ ਹੀ ਮਨੁੱਖ ਦੇ ਬਦਲੇ ਲਾਈਫ ਸਟਾਇਲ ਨੇ ਪਾਲਤੂ ਜਾਨਵਰਾਂ ਅਤੇ ਖਾਸ ਕਰ ਕੇ ਕੁੱਤਿਆਂ ਦੇ ਰਹਿਣ ਅਤੇ ਖਾਣ-ਪੀਣ ਵਿਚ ਵੀ ਬਦਲਾਅ ਲਿਆ ਦਿੱਤਾ ਹੈ। ਜ਼ਿਆਦਾਤਰ ਲੋਕ ਆਪਣੇ ਪਾਲਤੂ ਕੁੱਤੇ ਨੂੰ ਵੀ ਆਪਣੇ ਨਾਲ ਏਸੀ ਵਿਚ ਰੱਖਦੇ ਹਨ ਇਸ ਨਾਲ ਕੁੱਤਿਆਂ ਨੂੰ ਜਿੰਨੀ ਕਸਰਤ ਦੀ ਲੋੜ ਹੁੰਦੀ ਹੈ, ਉਹ ਬਿਲਕੁਲ ਨਹੀਂ ਮਿਲਦੀ।

### ਅੱਜ ਵੀ ਬਾਰਡਰ 'ਤੇ ਡਿਊਟੀ ਕਰ ਰਿਹੈ ਵੈਟਰਨਰੀ ਯੂਨੀਵਰਸਿਟੀ ਵੱਲੋਂ ਡਾਇਲਸਿਸ ਨਾਲ ਠੀਕ ਕੀਤਾ ਗਿਆ ਕੁੱਤਾ ਟਾਈਸਨ

ਵੈਟਰਨਰੀ ਯੂਨੀਵਰਸਿਟੀ ਵੱਲੋਂ ਡਾਇਲਸਿਸ ਨਾਲ ਠੀਕ ਕੀਤਾ ਗਿਆ ਬੀ ਐੱਸ ਐੱਫ ਦਾ ਪੈਟਰੋਲੀਅਮ ਕੁੱਤਾ ਟਾਈਸਨ ਅੱਜ ਵੀ ਗੁਰਦਾਸਪੁਰ ਇੰਡੋ ਪਾਕਿ ਬਾਰਡਰ ਵਿਖੇ ਡਿਊਟੀ ਤੇ ਤਾਇਨਾਤ ਹੈ ਜਿਸ ਨੂੰ ਵੈਟਰਨਰੀ ਯੂਨੀਵਰਸਿਟੀ ਤੋਂ ਡਾਇਲਸਿਸ ਕਰਾਉਣ ਤੋਂ ਬਾਅਦ ਨਵੀਂ ਜ਼ਿੰਦਗੀ ਮਿਲੀ। ਡਾ. ਰਣਬੀਰ ਨੇ ਦੱਸਿਆ ਕਿ ਟਾਈਸਨ ਸਮੇਤ ਬਚਾਏ ਗਏ ਕੁੱਤਿਆਂ ਨੂੰ ਵੈਟਰਨਰੀ ਯੂਨੀਵਰਸਿਟੀ ਦੇ ਡਾਗ ਸ਼ੋਅ ਦੌਰਾਨ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਦੁਨੀਆਂ ਵਿਚ ਕੇਵਲ 8-10 ਡਾਇਲਸਿਸ ਯੂਨਿਟ ਹਨ ਜੋ ਇਹ ਕਾਰਜ ਕਰ ਰਹੇ ਹਨ। ਵਿਦੇਸ਼ ਦੇ ਮੁਕਾਬਲੇ ਵੈਟਰਨਰੀ ਯੂਨੀਵਰਸਿਟੀ ਲੁਧਿਆਣਾ ਵਿਚ ਡਾਇਲਸਿਸ ਬਹੁਤ ਹੀ ਘੱਟ ਕੀਮਤ ਤੇ ਕੀਤਾ ਜਾਂਦਾ ਹੈ ਜੋ ਹਰ ਇੱਕ ਦੀ ਪਹੁੰਚ ਵਿੱਚ ਹੈ। ਇਸ ਵੇਲੇ ਇਸ ਯੂਨਿਟ ਵਿਚ ਦੋ ਮਸ਼ੀਨਾਂ ਕੰਮ ਕਰ ਰਹੀਆਂ ਹਨ, ਆਉਣ ਵਾਲੇ ਸਮੇਂ ਵਿਚ ਇਕ ਹੋਰ ਮਸ਼ੀਨ ਲਾਏ ਜਾਣ ਦੀ ਸੰਭਾਵਨਾ ਹੈ। ਇਸ ਯੂਨਿਟ ਦੀ ਖਾਸ ਗੱਲ ਇਹ ਹੈ ਕਿ ਬਿਮਾਰੀ ਤੋਂ ਪੀੜਤ ਹਰ ਕੁੱਤਾ ਠੀਕ ਹੋ ਗਿਆ ਹੈ।

# ਖੇਤੀ ਦੀ ਸਫਲ ਵਿਉਂਤਬੰਦੀ ਲਈ ਗੁਆਂਢੀ ਸੂਬਿਆਂ ਤੋਂ ਸਿੱਖੀਏ



ਮਹਿੰਦਰ ਸਿਘ ਦੋਸਾਂਝ
ਮੋ. 94632-33991

ਹਿਮਾਚਲ ਪ੍ਰਦੇਸ਼ ਕ੍ਰਿਸ਼ੀ ਯੂਨੀਵਰਸਿਟੀ ਪਾਲਮਪੁਰ, ਹਿਮਾਚਲ ਪ੍ਰਦੇਸ਼ ਦੀ ਹੀ ਫਲਾਂ ਤੇ ਬਾਗਾਂ ਨਾਲ ਸੰਬੰਧਤ ਤੇ ਸੋਲਨ ਵਿਚ ਸਥਿਤ ਡਾ. ਵਾਈ. ਐੱਸ. ਪ੍ਰਮਾਰ ਯੂਨੀਵਰਸਿਟੀ ਅਤੇ ਪੰਜਾਬ ਦੀ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਨੇ ਦੋਵਾਂ ਸੂਬਿਆਂ ਦੀ ਹੱਦ 'ਤੇ 'ਕੰਢੀ ਸ਼ਿਵਾਲਿਕ ਯੋਜਨਾ ਐਗਰੀਕਲਚਰ ਰਿਸਰਚ ਐਕਸਚੇਂਜ ਸਕੀਮ' ਚਲਾਈ ਹੋਈ ਹੈ ਤੇ ਇਸ ਸਕੀਮ ਨਾਲ ਸੰਬੰਧਤ ਲੋੜਾਂ ਤੇ ਕਾਰਜਾਂ ਲਈ ਅਕਸਰ ਮੈਂ ਹਿਮਾਚਲ ਪ੍ਰਦੇਸ਼ ਜਾਂਦਾ ਰਹਿੰਦਾ ਹਾਂ।

ਹਿਮਾਚਲ ਪ੍ਰਦੇਸ਼ ਵਿਚ ਖੇਤੀ ਜਿਵੇਂ ਪਹਾੜਾਂ ਦੇ ਕੁੱਛੜ ਚੜ੍ਹੀ ਹੋਈ ਹੈ ਤੇ ਇਹ ਖੇਤੀ ਪਹਾੜਾਂ 'ਤੇ ਚੜ੍ਹਦੀਆਂ ਕੱਚੀਆਂ ਪੌੜੀਆਂ ਦੇ ਪੌਡਿਆਂ 'ਤੇ ਕੀਤੀ ਜਾਂਦੀ ਹੈ। ਹਿਮਾਚਲ ਦੇ ਸ਼ਿਵਾਲਿਕ ਰਿਜਨ ਵਿਚ ਤਾਂ ਸ਼ਾਇਦ ਕਿਸੇ ਕਿਸੇ ਕੋਈ ਟਰੈਕਟਰ ਆਦਿ ਹੋਵੇ ਪਰ ਇਥੋਂ ਦੇ ਬਾਕੀ ਦੇ ਵਿਸ਼ਾਲ ਇਲਾਕਿਆਂ ਵਿਚ ਮਸ਼ੀਨਾਂ ਤੋਂ ਬਿਨਾਂ ਹੱਥੀਂ ਹੀ ਫਸਲਾਂ ਦੀਆਂ ਬਿਜਾਈਆਂ, ਗੁਡਾਈਆਂ, ਕਟਾਈਆਂ ਤੇ ਤੁੜਾਈਆਂ ਦੇ ਕੰਮ ਕੀਤੇ ਜਾਂਦੇ ਹਨ ਅਤੇ ਇਸ ਵਿਸ਼ਾਲ ਰਕਬੇ ਵਿਚ ਮੁੱਖ ਰੂਪ 'ਚ ਫਲਾਂ, ਫੁੱਲਾਂ ਤੇ ਸਬਜ਼ੀਆਂ ਦੀ ਕਾਸ਼ਤ ਕੀਤੀ ਜਾਂਦੀ ਹੈ। ਹਿਮਾਚਲ ਦੇ ਕਿਸਾਨਾਂ ਦੀ ਸਫਲਤਾ ਦਾ ਭੇਤ ਹੈ, ਖੇਤੀ ਲਈ ਉਨ੍ਹਾਂ ਦੀ ਸਹੀ ਤੇ ਸ਼ਾਨਦਾਰ ਵਿਉਂਤਬੰਦੀ।

ਹਿਮਾਚਲ ਦੇ ਫਲਾਂ, ਫੁੱਲਾਂ ਤੇ ਸਬਜ਼ੀਆਂ ਦੀ ਭਾਰਤ ਦੇ ਵੱਖ-ਵੱਖ ਹਿੱਸਿਆਂ ਵਿਚ ਵਿਲੱਖਣ ਪਛਾਣ ਹੈ, ਵਿਸ਼ੇਸ਼ ਗੱਲ ਇਹ ਹੈ ਕਿ ਹਿਮਾਚਲ ਦੇ ਕਿਸਾਨਾਂ ਕੋਲ ਆਪਣੀਆਂ ਖੇਤੀ ਜਿਣਸਾਂ ਨੂੰ ਮੰਡੀ ਵਿਚ ਤੇ ਖਪਤਕਾਰ ਕੋਲ ਸਿੱਧੇ ਵੇਚਣ ਦੀ ਜਾਂਚ ਹੈ।

ਹਿਮਾਚਲ ਦੇ ਕਿਸਾਨਾਂ ਨੇ ਰਾਜ ਅੰਦਰ ਖੁੰਬਾਂ ਦੀ ਕਾਸ਼ਤ ਨੂੰ ਉਤਸ਼ਾਹਿਤ ਕੀਤਾ ਤੇ ਇਸ ਉਦਯੋਗ ਲਈ ਉਨ੍ਹਾਂ ਨੇ ਜਿੱਥੇ ਢੁੱਕਵਾਂ ਭਾਅ ਦੇ ਕੇ ਪੰਜਾਬ ਵਿਚੋਂ ਤੂੜੀ ਤੇ ਪਰਾਲੀ ਦੀ ਖਰੀਦ ਕੀਤੀ, ਉਥੇ ਵਧੀਆ ਕੁਆਲਿਟੀ ਦੀਆਂ ਖੁੰਬਾਂ ਦਾ ਉਤਪਾਦਨ ਕਰਕੇ ਵਿਸ਼ਵ ਪੱਧਰ 'ਤੇ ਨਾਮਣਾ ਵੀ ਖੱਟਿਆ। ਸੋਲਨ ਦੇ ਇਕ ਨੌਜਵਾਨ ਕਿਸਾਨ ਵਿਕਾਸ ਨੇ ਪੰਜਾਬ 'ਚ ਖਰੜ ਦੇ ਨੇੜੇ ਆ ਕੇ ਵਿਦੇਸ਼ਾਂ ਤੋਂ ਆਧੁਨਿਕ ਕਿਸਮ ਦੀ ਮਸ਼ੀਨਰੀ ਮੰਗਵਾ ਕੇ ਇਕ ਵਿਸ਼ਵ ਪੱਧਰ ਦਾ ਪਲਾਂਟ ਲਗਾਇਆ ਹੈ, ਇਸ ਪਲਾਂਟ ਲਈ ਜਿੱਥੇ ਕਿਸਾਨਾਂ ਤੋਂ ਸਹੀ ਭਾਅ 'ਤੇ ਤੂੜੀ ਤੇ ਪਰਾਲੀ ਦੀ ਖਰੀਦ ਕੀਤੀ ਜਾ ਰਹੀ ਹੈ, ਉੱਥੇ ਖੁੰਬਾਂ ਕੱਟ ਕੇ ਬਹੁਤ ਹੀ ਕੀਮਤੀ ਗੋਬਰ ਕਿਸਾਨਾਂ ਨੂੰ ਮੁਫਤ ਦਿੱਤਾ ਜਾ ਰਿਹਾ ਹੈ, ਇਸ ਤੋਂ ਇਲਾਵਾ ਵਿਸ਼ਵ ਪੱਧਰ ਦੇ ਪਲਾਂਟ ਵਿਚ ਇਲਾਕੇ 'ਚੋਂ ਲਗਭਗ 150 ਪੇਂਡੂ ਲੜਕੇ-ਲੜਕੀਆਂ ਨੂੰ ਉਸ ਨੇ ਰੋਜ਼ਗਾਰ ਵੀ ਮੁਹੱਈਆ ਕਰਵਾਇਆ ਹੈ।

ਹਿਮਾਚਲ ਵਿਚ ਪਾਣੀ ਦੀ ਘਾਟ ਕਰਕੇ ਫਲਾਂ, ਫੁੱਲਾਂ ਤੇ ਸਬਜ਼ੀਆਂ ਦੀਆਂ ਨਾਜ਼ੁਕ ਫਸਲਾਂ ਲਈ ਭਾਰੀ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਫਸਲਾਂ ਦੀ ਲੋੜ ਲਈ ਧਰਤੀ ਹੇਠਲਾ ਪਾਣੀ ਬਿਲਕੁਲ ਲਈਂ ਕੱਢਿਆ ਜਾਂਦਾ, ਪਹਾੜਾਂ ਤੋਂ ਉਤਰਦੇ ਨਾਲਿਆਂ ਤੇ ਝਰਨਿਆਂ ਦੇ ਕੁਦਰਤੀ ਪਾਣੀ ਦਾ ਭੰਡਾਰ ਕਰਕੇ ਤੁਪਕਾ ਸਿੰਚਾਈ ਰਾਹੀਂ ਫਸਲਾਂ ਦੀ ਪਾਣੀ ਦੀ ਲੋੜ ਪੂਰੀ ਕੀਤੀ ਜਾਂਦੀ ਹੈ।

ਸਭ ਤੋਂ ਵੱਡੀ ਗੱਲ ਇਹ ਹੈ ਕਿ ਹਿਮਾਚਲ ਦੇ ਅਨੇਕਾਂ ਕਿਸਾਨ ਖੇਤੀ ਦੇ ਕਿੱਤੇ ਤੋਂ ਸੰਤੁਸ਼ਟ ਹਨ, ਉਨ੍ਹਾਂ ਨੂੰ ਕਦੇ ਵੀ ਮੈਂ ਉਦਾਸ ਤੇ ਨਿਰਾਸ਼ ਨਹੀਂ ਵੇਖਿਆ।

ਖੁਦਕੁਸ਼ੀਆਂ ਵਾਲੀ ਸੋਚ ਤਾਂ ਮੈਂ ਕਦੇ ਉਨ੍ਹਾਂ ਦੇ ਨੇੜਿਓਂ ਲੰਘਦੀ ਨਹੀਂ ਵੇਖੀ। ਫੁੱਲਾਂ ਵਾਂਗ ਖਿੜੇ ਚਿਹਰਿਆਂ ਵਾਲੇ ਇਨ੍ਹਾਂ ਕਿਸਾਨਾਂ ਦਾ ਸੁਖਦ ਅਹਿਸਾਸ ਮਨ ਵਿਚ ਲੈ ਕੇ ਜਦੋਂ ਮੈਂ ਪੰਜਾਬ ਵਿਚ ਆਉਂਦਾ ਹਾਂ ਤਾਂ ਇਥੇ ਆ ਕੇ ਨਿਰਾਸ਼ਾ ਹੁੰਦੀ ਹੈ।

ਇਥੇ ਜਰਖੇਜ਼ ਖੁੱਲੀਆਂ 'ਤੇ ਪੱਧਰੀਆਂ ਜ਼ਮੀਨਾਂ ਹਨ, ਧਰਤੀ ਹੇਠੋਂ ਫਸਲਾਂ ਵਾਸਤੇ ਕੱਢਣ ਲਈ ਖੁੱਲ੍ਹਾ ਪਾਣੀ ਹੈ, ਅਨੇਕਾਂ ਫਸਲਾਂ ਲਈ ਚੰਗਾ ਵਾਤਾਵਰਨ ਹੈ, ਬਹੁਤੇ ਕਿਸਾਨਾਂ ਦੇ ਵਿਹੜਿਆਂ ਵਿਚ ਫਸਲਾਂ ਦੀ ਬਿਜਾਈ, ਗੁਡਾਈ, ਕਟਾਈ ਤੇ ਹੋਰ ਲੋੜਾਂ ਲਈ ਹਰ ਤਰ੍ਹਾਂ ਦੀ ਮਸ਼ੀਨਰੀ ਖੜ੍ਹੀ ਹੈ ਪਰ ਸ਼ਾਇਦ ਹੀ ਕਿਸੇ ਕਿਸਾਨ ਦੇ ਚਿਹਰੇ 'ਤੇ ਖੁਸ਼ੀ ਤੇ ਰੌਣਕ ਨਜ਼ਰ ਆਉਂਦੀ ਹੈ, ਚੰਗੇ-ਚੰਗੇ ਵਸੀਲਿਆਂ ਵਾਲੇ ਕਿਸਾਨਾਂ ਦੀਆਂ ਵੀ ਲੱਤਾਂ ਭਾਰੀ-ਭਰਕਮ ਕਰਜ਼ਿਆਂ ਦੀ ਦਲਦਲ ਵਿਚ ਧਸੀਆਂ ਹੋਈਆਂ ਹਨ।

ਸਾਡੇ ਪੰਜਾਬ ਦੇ ਕਿਸਾਨਾਂ ਨੇ ਕਿਸੇ ਵੇਲੇ ਧੱਕੇ ਵਾਲੀ ਖੇਤੀ ਨੂੰ ਸਫਲ ਕੀਤਾ ਸੀ, ਪਰ ਹੁਣ ਧੱਕੇ ਦੀ ਖੇਤੀ ਦਾ ਸਮਾਂ ਬੀਤ ਗਿਆ ਹੈ, ਹੁਣ ਦੌਰ ਹੈ ਸੂਖਮ ਦ੍ਰਿਸ਼ਟੀ ਵਾਲੀ ਖੇਤੀ ਦਾ। ਅਜੋਕੀ ਖੇਤੀ ਵਿਚ ਸਾਡੇ ਪੰਜਾਬ ਦੇ ਬਹੁਤੇ ਕਿਸਾਨਾਂ ਦੀ ਖੇਤੀ ਵਿਚ ਸਾਡੇ ਪੰਜਾਬ ਦੇ ਬਹੁਤੇ ਕਿਸਾਨਾਂ ਦੀ ਖੇਤੀ ਵਿਚ ਦਿਲਚਸਪੀ ਤੇ ਵਿਓਂਤਬੰਦੀ ਕਿਹੋ ਜਿਹੀ ਹੈ ? ਉਸ ਦੀ ਇਕ ਝਲਕ ਅਸੀਂ ਵੇਖ ਸਕਦੇ ਹਾਂ, ਸਾਡੇ ਕਿਸਾਨ ਪਾਣੀ ਵਿਚ ਫਲ੍ਹਾ ਚਲਾ ਕੇ (ਕੱਦੂ ਕਰਕੇ) ਟਰੈਕਟਰ ਲੈ ਜਾਂਦੇ ਹਨ, ਪਿਛੋਂ ਭਈਏ ਜਿਸ ਤਰ੍ਹਾਂ ਦਾ ਵੀ ਝੋਨਾ ਲਾ ਦੇਣ, ਕੋਈ ਫਿਕਰ ਨਹੀਂ, ਉਨ੍ਹਾਂ ਨੇ ਇਕ ਪਾਸਿਓਂ ਪਹਿਲੇ ਵਿਸ਼ਾਲ ਕਿਆਰੇ ਨੂੰ ਪਾਣੀ ਛੱਡ ਦੇਣਾ ਹੈ ਤੇ ਬਾਕੀ ਸਭ ਪਾਸੇ ਆਪ ਹੀ ਵਗਦਾ ਚਲਾ ਜਾਂਦਾ ਹੈ।

ਕੁਝ ਉੱਦਮੀ ਕਿਸਾਨ ਹੋਣਗੇ, ਜਿਹੜੇ ਵਿਚ-ਵਿਚਾਲੇ ਝੋਨੇ ਦੀ ਫਸਲ ਵੱਲ ਗੇੜਾ ਮਾਰਦੇ ਹੋਣਗੇ, ਨਹੀਂ ਤਾਂ ਮਜ਼ਦੂਰ ਨੇ ਖਾਦ ਖਿਲਾਰ ਦੇਣੀ ਹੈ ਅਤੇ ਨਦੀਨ-ਨਾਸ਼ਕ ਸਪ੍ਰੇਆਂ ਕਰਕੇ ਵੱਟਾਂ-ਬੰਨੇ ਸਾਫ ਕਰ ਦੇਣੇ ਹਨ ਤੇ ਕਿਸਾਨਾਂ ਨੇ ਫਸਲ ਦੀ ਕਟਾਈ ਵੇਲੇ ਟਰਾਲੀ ਲੈ ਕੇ ਕੰਬਾਇਨ ਨਾਲ ਹੀ ਖੇਤਾਂ ਵਿਚ ਆਉਣਾ ਹੁੰਦਾ ਹੈ।





# ਲਘੂ ਫਲਾਂ ਦੀ ਪੌਸ਼ਣ ਸੁਰੱਖਿਆ ਵਿੱਚ ਵਧ ਰਹੀ ਸਾਰਥਕਤਾ

**ਕੁਲਦੀਪ ਸਿੰਘ ਭੁੱਲਰ**

ਇਸ 'ਚ ਕੋਈ ਸ਼ੱਕ ਨਹੀਂ ਕਿ ਪ੍ਰਮੁੱਖ ਫਲਦਾਰ ਫਸਲਾਂ ਵੱਡੇ ਪੱਧਰ 'ਤੇ ਲਾਉਣ ਦੀ ਸੰਭਾਵਨਾ ਕਾਰਨ ਵੱਡੇ ਕਿਸਾਨਾਂ ਲਈ ਲਾਹੇਵੰਦ ਸਾਬਤ ਹੋਈਆਂ ਹਨ। ਇਨ੍ਹਾਂ ਫਲਾਂ ਦੀ ਕਾਸ਼ਤ ਇਕ ਖਾਸ ਰਕਬੇ ਤੋਂ ਘੱਟ ਹਿੱਸੇ 'ਤੇ ਕਰਨਾ ਵਪਾਰਕ ਤੌਰ 'ਤੇ ਲਾਹੇਵੰਦ ਨਹੀਂ ਹੈ, ਜਿਵੇਂ ਕਿ ਅਸੀਂ ਜਾਣਦੇ ਹਾਂ ਕਿ ਮਿੱਟੀ ਦਾ ਖਾਰਾਪਣ, ਮੌਸਮ 'ਚ ਤਬਦੀਲੀ ਜਿਵੇਂ ਕਿ ਮੀਂਹ ਦਾ ਘਾਟਾ ਤੇ ਅਨਿਸ਼ਚਤਾ, ਤਾਪਮਾਨ 'ਚ ਵਾਧਾ, ਹੜ੍ਹ ਜਾਂ ਸੋਕੇ ਦਾ ਅਸਰ ਆਦਿ 'ਚ ਵਾਧਾ ਹੋ ਰਿਹਾ ਹੈ, ਇਨ੍ਹਾਂ ਦਾ ਅਸਰ ਵੱਡੇ ਫਲਾਂ 'ਤੇ ਜ਼ਿਆਦਾ ਪੈਂਦਾ ਹੈ, ਜਿਸ ਦੇ ਨਤੀਜੇ ਵਜੋਂ ਕਈ ਵਾਰ ਬਾਗਬਾਨਾਂ ਉਤਪਾਦਨ ਨੂੰ ਲੈ ਕੇ ਅਨਿਸ਼ਚਤਾ ਤੇ ਵਿੱਤੀ ਲਾਭ ਤੋਂ ਨਾਖੁਸ਼ੀ ਦੇਖੀ ਜਾ ਸਕਦੀ ਹੈ। ਜੇਕਰ ਪ੍ਰਮੁੱਖ ਫਲਦਾਰ ਫਸਲਾਂ ਦੇ ਰਕਬੇ 'ਚ ਫੇਰਬਦਲ ਹੁੰਦਾ ਹੈ ਤਾਂ ਇਹ ਵੱਡੇ ਪੱਧਰ 'ਤੇ ਹੁੰਦਾ ਹੈ, ਜਿਸ ਨਾਲ ਪੋਸ਼ਣ ਸੁਰੱਖਿਆ ਪ੍ਰਤੀ ਵੀ ਚਿੰਤਾ ਪੈਦਾ ਹੋ ਸਕਦੀ ਹੈ। ਇਨ੍ਹਾਂ ਹਾਲਤਾਂ ਦੇ ਮੱਦੇਨਜ਼ਰ ਲਘੂ ਫਲਾਂ ਦਾ ਉਤਪਾਦਨ ਤੇ ਭਰੋਸੇਯੋਗਤਾ ਵਧੇਰੇ ਟਿਕਾਊ ਸਮਝੀ ਜਾ ਸਕਦੀ ਹੈ। ਇਨ੍ਹਾਂ 'ਚ ਸਥਾਨਕ ਹਾਲਤਾਂ 'ਚ ਮੌਸਮ ਦੀਆਂ ਤਬਦੀਲੀਆਂ ਦੇ ਬਾਵਜੂਦ ਵਧੇਰੇ ਨਿਸ਼ਚਤਾ ਹੁੰਦਾ ਹੈ। ਭਾਵੇਂ ਕਿ ਇਨ੍ਹਾਂ ਦੇ ਉਤਪਾਦਨ ਲਈ ਬਹੁਤੀਆਂ ਕਿਸਮਾਂ ਜਾਂ ਤਕਨੀਕਾਂ ਉਪਲਬਧ ਨਹੀਂ ਹਨ ਪਰ ਇਹ ਫਸਲ ਆਮ ਲੋਕਾਂ 'ਚ ਪ੍ਰਚੱਲਿਤ ਹੋਣ ਕਾਰਨ ਵਧੇਰੇ ਮੰਗ 'ਚ ਹਨ ਅਤੇ ਇਨ੍ਹਾਂ ਦੀ ਖਪਤ 'ਚ ਵੀ ਕੋਈ ਵਹਿਮ ਭਰਮ ਨਹੀਂ ਹੈ। ਇਨ੍ਹਾਂ 'ਚੋਂ ਬਹੁਤੇ ਫਲਾਂ ਦੀ ਤਾਜ਼ੇ ਫਲਾਂ ਵਰਤੋਂ ਤੋਂ ਇਲਾਵਾ ਇਨ੍ਹਾਂ ਦੀ ਘਰੇਲੂ ਪੱਧਰ 'ਤੇ ਪ੍ਰੋਸੈਸਿੰਗ ਵੀ ਪ੍ਰਚੱਲਿਤ ਹੈ ਅਤੇ ਇਸ ਤੋਂ ਇਲਾਵਾ ਇਨ੍ਹਾਂ ਦਵਾਈਆਂ ਵਾਲੇ ਗੁਣ ਵੀ ਮੌਜੂਦ ਹਨ। ਛੋਟੇ ਅਤੇ ਸੀਮਾਂਤ ਕਿਸਾਨਾਂ ਵਲੋਂ ਇਨ੍ਹਾਂ ਫਲਾਂ ਨੂੰ ਅਸਾਨੀ ਨਾਲ ਅਪਣਾਇਆ ਜਾ ਸਕਦਾ ਹੈ। ਪ੍ਰੋਸੈਸਿੰਗ, ਭੰਡਾਰਨ, ਆਵਾਜਾਈ ਦੇ ਸਾਧਨ ਸੁਖਾਲੇ ਹੀ ਉਪਲਬਧ ਹੋਣ ਕਾਰਨ ਦੁਰਾਡੀਆਂ ਮੰਡੀਆਂ 'ਚ ਮੰਡੀਕਰਨ ਰਾਹੀਂ ਵਧੇਰੇ ਮੁੱਲ ਕਾਰਨ ਵਧੇਰੇ ਆਰਥਿਕ ਲਾਹਾ ਵੀ ਲਿਆ ਜਾ ਸਕਦਾ ਹੈ। ਇਨ੍ਹਾਂ ਫਲਾਂ ਦੀ ਕਾਸ਼ਤ ਅਤੇ ਖਾਸ ਗੁਣ ਇਸ ਤਰ੍ਹਾਂ ਹਨ।

**ਆਂਵਲਾ** : ਇਸ 'ਚ ਮੌਜੂਦ ਗੁਣਾ ਕਾਰਨ ਇਸ ਨੂੰ 'ਅੰਮ੍ਰਿਤ ਫਲ' ਵੀ ਕਿਹਾ ਜਾਂਦਾ ਹੈ। ਫਲਾਂ 'ਚ ਵਿਟਾਮਿਨ-ਸੀ ਅਤੇ ਖਣਿਜਾਂ ਦੀ ਬਹੁਤਾਤ, ਦਵਾਈਆਂ ਵਾਲੇ ਗੁਣਾਂ, ਬਹੁਮੰਤਵੀ ਸੁਖਾਲੀ ਪ੍ਰੋਸੈਸਿੰਗ ਹੋਣ ਕਾਰਨ ਇਹ ਲੋਕਾਂ 'ਚ ਬਹੁਤ ਪ੍ਰਚੱਲਿਤ ਹੈ। ਇਸ ਫਸਲ ਮਿੱਟੀ ਦੀ ਮੰਗ ਪੰਜਾਬ ਦੀਆਂ ਹਲਕੀਆਂ ਤੇ ਮਾੜੀਆਂ ਜ਼ਮੀਨਾਂ ਨਾਲ ਮੇਲ ਖਾਂਦੀ ਹੈ। ਪੰਜਾਬ ਦੇ ਗਰਮ ਮੌਸਮ ਨਾਲ ਇਸ ਨੂੰ ਕੋਈ ਸਮੱਸਿਆ ਨਹੀਂ ਆਉਂਦੀ ਬਸ਼ਰਤੇ ਸਰਦੀ 'ਚ ਕੋਹਰੇ ਤੋਂ ਬਚਾਅ ਲਈ ਉਪਰਾਲੇ ਕਰ ਲਏ ਜਾਣ।

**ਬਿੱਲ** : ਇਸ ਫਲ ਦੀ ਧਾਰਮਿਕ ਰਸਮਾਂ 'ਚ ਵਰਤੋਂ ਬਹੁਤ ਪ੍ਰਮੁੱਖ ਹੈ। ਇਸ ਤੋਂ ਇਲਾਵਾ ਇਸ 'ਚ ਦਵਾਈਆਂ ਵਾਲੇ ਗੁਣ ਮੌਜੂਦ ਹੋਣ ਕਾਰਨ ਇ ਸ ਦੀ ਤਸੀਰ ਠੰਢੀ ਮੰਨੀ ਜਾਂਦੀ ਹੈ, ਜੋ ਕਿ ਗਰਮੀ ਦੇ ਅਸਰ ਨੂੰ ਬੇਅਸਰ ਕਰਨ ਲਈ ਲਾਹੇਵੰਦ ਮੰਨਿਆਂ ਜਾਂਦਾ ਹੈ। ਇਸ 'ਚ ਬਹੁਤ ਸਾਰੇ ਖਣਿਜ ਪਦਾਰਥਾਂ ਤੋਂ ਇਲਾਵਾ ਬੀ-1 (ਥਾਇਆਮਿਨ), ਵਿਟਾਮਿਨ ਬੀ-2 (ਰਾਈਬੋਫਲੇਵਿਨ) ਤੇ ਵਿਟਾਮਿਨ ਬੀ-3 (ਨਾਇਆਸਿਨ) ਅਤੇ ਵਿਟਾਮਿਨ ਏ, ਐਂਟੀਆਕਸੀਡੈਂਟ ਅਤੇ ਕਾਰਬੋਹਾਈਡਰੇਟ ਮੌਜੂਦ ਹੁੰਦੇ ਹਨ, ਜਿਸ ਕਾਰਨ ਇਹ ਗਰਮੀ ਦੇ ਮੌਸਮ ਲਈ ਤੋਹਫਾ ਬਣ ਜਾਂਦਾ ਹੈ। ਮੁੱਖ ਤੌਰ 'ਤੇ ਇਸ ਦੀ ਵਰਤੋਂ ਸ਼ਰਬਤ, ਮੁਰੱਬੇ ਤੇ ਕੈਂਡੀ ਦੇ ਤੌਰ 'ਤੇ ਕੀਤੀ ਜਾਂਦੀ ਹੈ। ਖਾਰੀਆਂ ਜ਼ਮੀਨਾਂ 'ਚ ਇਸ ਦੀ ਕਾਸ਼ਤ ਸਫਲਤਾਪੂਰਵਕ ਕੀਤੀ ਜਾ ਸਕਦੀ ਹੈ।

**ਅੰਜੀਰ** : ਇਸ ਦੇ ਫਲਾਂ 'ਚ ਬਹੁਤ ਸਾਰੇ ਖਣਿਜ ਪਦਾਰਥਾਂ ਤੋਂ ਇਲਾਵਾ ਐਂਟੀਆਕਸੀਡੈਂਟ ਪਦਾਰਥ ਪਾਏ ਜਾਂਦੇ ਹਨ। ਇਹ ਫਲ ਬਹੁਤ ਮਿੱਠਾ ਹੋਣ ਕਾਰਨ ਪੰਜਾਬੀਆਂ ਦੇ ਮਨ ਭਾਉਂਦਾ ਫਲ ਹੈ। ਇਸ ਦੀ ਵਰਤੋਂ ਤਾਜ਼ੇ ਫਲਾਂ ਤੋਂ ਇਲਾਵਾ ਸੁੱਕੇ ਫਲਾਂ ਦੇ ਰੂਪ 'ਚ ਕੀਤੀ ਜਾਂਦੀ ਹੈ, ਜੋ ਕਿ ਬਾਜ਼ਾਰ 'ਚ ਬਦਾਮ ਤੋਂ ਵੀ ਮਹਿੰਗੇ ਹੁੰਦੇ ਹਨ।

**ਫਾਲਸਾ** : ਇਸ ਦੇ ਫਲਾਂ ਦਾ ਗਲਾਈਸੀਮਿਕ ਇੰਡੈਕਸ ਘੱਟ ਹੋਣ ਕਾਰਨ ਸ਼ੂਗਰ ਦੇ ਮਰੀਜ਼ ਵੀ ਇਸ ਨੂੰ ਬਹੁਤ ਪਸੰਦ ਕਰਦੇ ਹਨ। ਇਸ 'ਚ ਇਲੈੱਕਟਰੋਲਾਈਟਿਕ ਗੁਣ ਹੋਣ ਕਾਰਨ ਇਹ ਗਰਮੀਆਂ 'ਚ ਪਾਣੀ ਦੀ ਕਮੀ ਤੋਂ ਬਚਾਉਂਦਾ ਹੈ। ਇਸ ਬਾਰੇ ਗੱਲ ਮਸ਼ਹੂਰ ਹੈ ਕਿ 'ਠੰਢਾ ਮਿੱਠਾ ਖਾਹ ਫਾਲਸਾ, ਗਰਮੀ ਦੀ ਦਵਾ ਫਾਲਸਾ'। ਇਸ ਦੀ ਵਰਤੋਂ ਤਾਜ਼ੇ ਫਲਾਂ ਤੋਂ ਇਲਾਵਾ ਜੂਸ ਜਾਂ ਸ਼ਰਬਤ ਦੇ ਰੂਪ 'ਚ ਵੀ ਕੀਤੀ ਜਾਂਦੀ ਹੈ। ਸਰਦੀ 'ਚ ਇਸ ਦੇ ਪੱਤੇ ਡਿੱਗ ਪੈਂਦੇ ਹਨ, ਜੋ ਕਿ ਠੰਢ ਤੋਂ ਬਚਣ ਦਾ ਇਕ ਤਰੀਕਾ ਹੈ ਅਤੇ ਇਹ ਫਸਲ ਅਸਾਨੀ ਨਾਲ ਗਰਮੀ ਤੇ ਖੁਸ਼ਕੀ ਵੀ ਸਹਾਰ ਲੈਂਦੀ ਹੈ।

**ਲੁਕਾਠ** : ਇਹ ਫਲ ਵਿਟਾਮਿਨ ਏ ਅਤੇ ਐਂਟੀ ਆਕਸੀਡੈਂਟਾਂ ਦਾ ਚੰਗਾ ਸਰੋਤ ਹੈ। ਇਹ ਫਸਲ ਭਾਵੇਂ ਸੇਬ ਦੇ ਪਰਿਵਾਰ 'ਚੋਂ ਹੈ, ਜਿਸ ਦੇ ਬਹੁਤੇ ਫਲ ਠੰਢੇ ਇਲਾਕਿਆਂ 'ਚ ਹੀ ਹੁੰਦੇ ਹਨ ਪਰ ਇਹ ਫਸਲ ਸਦਾਬਹਾਰ ਹੈ ਅਤੇ ਅਸਾਨੀ ਨਾਲ ਗਰਮੀ ਤੇ ਸੋਕੇ ਨੂੰ ਸਹਾਰ ਲੈਂਦੀ ਹੈ। ਪੰਜਾਬ 'ਚ ਇਸ ਦੇ ਪੱਕਣ ਦਾ ਸਮਾਂ ਹੀ ਇਸ ਦਾ ਗੁਣ ਹੈ। ਇਹ ਫਸਲ ਮਾਰਚ ਦੇ ਅਖੀਰਲੇ ਹਫਤੇ ਤੋਂ ਤੁੜਾਈ ਲਈ ਤਿਆਰ ਹੋ ਜਾਂਦੀ ਹੈ, ਜਦੋਂ ਕਿ ਇਸ ਸਮੇਂ 'ਚ ਹੋਰ ਤਾਜ਼ੇ ਫਲ ਬਹੁਤੇ ਮੰਡੀ 'ਚ ਮੌਜੂਦ ਨਹੀਂ ਹੁੰਦੇ।

**ਖਜੂਰ** : ਖਜੂਰ ਦੇ ਫਲਾਂ 'ਚ 15 ਤਰ੍ਹਾਂ ਦੇ ਤੱਤ ਅਤੇ 7 ਤਰ੍ਹਾਂ ਦੇ ਵਿਟਾਮਿਨ ਅਤੇ ਕਈ ਐਂਟੀਆਕਸੀਡੈਂਟ ਹੋਣ ਕਾਰਨ ਇਹ ਬਹੁਤਾਤ ਦਾ ਪਸੰਦੀਦਾ ਫਲ ਹੈ। ਇਸ 'ਚ ਮੌਜੂਦ ਕੁਦਰਤੀ ਮਿਠਾਸ ਕਾਰਨ ਇਸ ਨੂੰ ਕਈ ਪਕਵਾਨਾਂ 'ਚ ਕੁਦਰਤੀ ਖੰਡ ਦੇ ਰੂਪ 'ਚ ਵਰਤਿਆ ਜਾਂਦਾ ਹੈ। ਇਸ ਦੇ ਗੁਣਾਂ ਦੀ ਗਵਾਹੀ ਧਾਰਮਿਕ ਤੇ ਪੁਰਾਣਕ ਆਯੁਰਵੈਦਿਕ ਲਿਖਤਾਂ 'ਚ ਵੀ ਮਿਲਦੀ ਹੈ। ਇਸ ਦੇ ਤਾਜ਼ੇ ਫਲਾਂ ਦੀ ਵਰਤੋਂ ਤੋਂ ਇਲਾਵਾ ਛੁਹਾਰੇ, ਜੈਮ, ਚਟਨੀ, ਅਚਾਰ, ਜੂਸ ਆਦਿ ਦੇ ਰੂਪ 'ਚ ਕੀਤੀ ਜਾਂਦੀ ਹੈ।

**ਜਾਮਨ** : ਇਸ ਦੇ ਫਲਾਂ 'ਚ ਬਹੁਤ ਸਾਰੇ ਦਵਾਈਆਂ ਵਾਲੇ ਗੁਣ ਮੌਜੂਦ ਹੁੰਦੇ ਹਨ। ਇਸ ਦੇ ਫਲਾਂ ਤੋਂ ਇਲਾਵਾ ਇਸ ਦੀਆਂ ਸੁੱਕੀਆਂ ਗਿਟਕਾਂ ਦੀ ਵਰਤੋਂ ਵੀ ਕਈ ਰੂਪਾਂ 'ਚ ਕੀਤੀ ਜਾਂਦੀ ਹੈ।

| ਲਘੂ ਫਲ | ਫਾਸਲਾ (ਮੀਟਰ) | ਬੂਟੇ/ ਏਕੜ | ਲੁਆਈ ਦਾ ਸਮਾਂ | ਸਿਫਾਰਸ਼ ਕਿਸਮਾਂ |
|---|---|---|---|---|
| ਆਂਵਲਾ | 7.5×7.5 | 72 | ਫਰਵਰੀ-ਮਾਰਚ ਅਤੇ ਅਗਸਤ-ਸਤੰਬਰ | ਬਲਵੰਤ, ਨੀਲਮ, ਕੰਚਨ |
| ਬਿੱਲ | 6.0×6.0 | 110 | ਫਰਵਰੀ-ਮਾਰਚ ਅਤੇ ਅਗਸਤ-ਸਤੰਬਰ | ਕਾਗਜ਼ੀ |
| ਅੰਜੀਰ | 6.0×6.0 | 110 | ਜਨਵਰੀ-ਫਰਵਰੀ | ਬਰਾਊਨ ਟਰਕੀ, ਬਲੈਕ ਫਿੱਗ-1 |
| ਫਾਲਸਾ | 1.5×1.5 | 1760 | ਜਨਵਰੀ-ਫਰਵਰੀ | ਸਥਾਨਕ ਕਿਸਮ |
| ਲੁਕਾਠ | 6.5×6.5 | 90 | ਫਰਵਰੀ-ਮਾਰਚ ਅਤੇ ਅਗਸਤ-ਸਤੰਬਰ | ਕੈਲੇਫੋਰਨੀਆ ਅਡਵਾਂਸ, ਗੋਲਡਨ ਯੈਲੋ, ਪੇਲ ਯੈਲ |
| ਖਜੂਰ | 8.0×8.0 | 62 | ਫਰਵਰੀ-ਮਾਰਚ ਅਤੇ ਅਗਸਤ-ਸਤੰਬਰ | ਹਿਲਾਵੀ, ਬਰਹੀ |
| ਜਾਮਨ | 8.0×8.0 | 62 | ਫਰਵਰੀ-ਮਾਰਚ ਅਤੇ ਅਗਸਤ-ਸਤੰਬਰ | ਗੋਮਾ ਪ੍ਰਿਅੰਕਾ, ਕੋਂਕਨ ਬਾਹਡੋਲ |

# ਪੱਤਾ ਲਪੇਟ ਸੁੰਡੀ ਤੋਂ ਝੋਨੇ ਅਤੇ ਬਾਸਮਤੀ ਦੀ ਸੁਰੱਖਿਆ

**ਪੱਤਾ ਲਪੇਟ ਸੁੰਡੀ (ਲੀਫ ਫੋਲਡਰ) ਝੋਨੇ ਅਤੇ ਬਾਸਮਤੀ ਦੀਆਂ ਫਸਲਾਂ ਨੂੰ ਖਾਸ ਤੌਰ 'ਤੇ ਅਗਸਤ ਤੋਂ ਅਕਤੂਬਰ ਦੇ ਮਹੀਨਿਆਂ ਦੌਰਾਨ ਬਹੁਤ ਨੁਕਸਾਨ ਪਹੁੰਚਾ ਸਕਦੀ ਹੈ**

**ਹਮਲੇ ਦੇ ਲੱਛਣ**

ਛੋਟੀਆਂ ਸੁੰਡੀਆਂ ਸ਼ੁਰੂ ਵਿਚ ਨਰਮ ਪੱਤਿਆਂ ਨੂੰ ਬਿਨਾਂ ਲਪੇਟਿਆਂ ਹੀ ਖਾਂਦੀਆਂ ਹਨ, ਪਰ ਵੱਡੀਆਂ ਸੁੰਡੀਆਂ ਪੱਤਿਆਂ ਨੂੰ ਕਿਨਾਰਿਆਂ ਤੋਂ ਮੋੜ ਕੇ ਲੰਬੇ ਰੁੱਖ ਲਪੇਟ ਲੈਂਦੀਆਂ ਹਨ ਅਤੇ ਅੰਦਰੋਂ-ਅੰਦਰ ਹੀ ਹਰਾ ਮਾਦਾ ਖਾਣਾ ਜਾਰੀ ਰੱਖਦੀਆਂ ਹਨ, ਜਿਸਦੇ ਨਤੀਜੇ ਵਜੋਂ ਫਸਲ ਦੇ ਝਾੜ ਪ੍ਰਭਾਵ ਪੈਂਦਾ ਹੈ। ਹਮਲੇ ਵਾਲੇ ਪੱਤਿਆਂ ਉੱਤੇ ਚਿੱਟੇ ਰੰਗ ਦੀਆਂ ਧਾਰੀਆਂ ਪੈ ਜਾਂਦੀਆਂ ਹਨ ਅਤੇ ਪੱਤੇ ਸੁੱਕੇ ਹੋਏ ਅਤੇ ਜਾਲੀਦਾਰ ਦਿਸਣ ਲੱਗ ਜਾਲੀਦਾਰ ਦਿਸਣ ਲੱਗ ਜਾਂਦੇ ਹਨ, ਖਾਸ ਕਰਕੇ ਜਦੋਂ ਇਹ ਸੁੰਡੀਆਂ ਵੱਡੀ ਗਿਣਤੀ ਵਿਚ ਮੌਜੂਦ ਹੁੰਦੀਆਂ ਹਨ।

**ਰੋਕਥਾਮ**

★ ਪੱਤਾ ਲਪੇਟ ਸੁੰਡੀ ਦਾ ਹਮਲਾ ਜ਼ਿਆਦਾ ਛਾਂਦਾਰ ਥਾਵਾਂ ਤੇ ਹੁੰਦਾ ਹੈ, ਜਿਵੇਂ ਕਿ ਦਰਖਤਾਂ ਜਾਂ ਇਮਾਰਤਾਂ ਦੀ ਛਾਂ ਹੇਠਾਂ। ਇਸ ਲਈ, ਜਿੱਥੇ ਛਾਂ ਪੈਂਦੀ ਹੋਵੇ, ਉੱਥੇ ਫਸਲ ਨੂੰ ਇਸ ਸੁੰਡੀ ਦੇ ਹਮਲੇ ਤੋਂ ਬਚਾਉਣ ਲਈ ਧਿਆਨ ਨਾਲ ਦੇਖਦੇ ਰਹਿਣਾ ਚਾਹੀਦਾ ਹੈ।

★ ਇਸ ਸਮੇਂ ਜੇਕਰ ਫਸਲ ਦਾ ਨਿਸਾਰ ਨਹੀਂ ਹੋਇਆ ਤਾਂ ਸੁੰਡੀ ਦੇ ਨੁਕਸਾਨ ਤੋਂ ਬਚਣ ਲਈ 20-30 ਮੀਟਰ ਲੰਬੀ ਨਾਰੀਅਲ ਜਾਂ ਮੁੰਜ ਦੀ ਰੱਸੀ ਫਸਲ ਦੇ ਉੱਪਰਲੇ ਹਿੱਸੇ ਤੇ 2 ਵਾਰੀ ਫੇਰੋ। ਪੱਤਿਆਂ ਕਿਆਰੇ ਦੇ ਇਕ ਸਿਰੇ ਤੋਂ ਦੂਜੇ ਸਿਰੇ ਤੱਕ ਰੱਸੀ ਫੇਰੋ ਅਤੇ ਫਿਰ ਉਹਨੀਂ ਪੈਰੀ ਰੱਸੀ ਫੇਰਦੇ ਹੋਏ ਵਾਪਸ ਮੁੜੋ। ਇਹ ਧਿਆਨ ਵਿਚ ਰੱਖੋ ਕਿ ਰੱਸੀ ਫੇਰਨ ਸਮੇਂ ਖੇਤ ਵਿਚ ਪਾਣੀ ਜ਼ਰੂਰ ਖੜ੍ਹਾ ਹੋਵੇ।

★ ਆਪਣੀ ਫਸਲ ਵਿਚ ਇਸ ਸੁੰਡੀ ਦੇ ਹਮਲੇ ਦਾ ਲਗਾਤਾਰ ਸਰਵੇਖਣ ਕਰਦੇ ਰਹੋ ਅਤੇ ਜਿਉਂ ਹੀ ਸੁੰਡੀ ਦੁਆਰਾ ਨੁਕਸਾਨੇ ਪੱਤਿਆਂ ਦੀ ਗਿਣਤੀ 10 ਪ੍ਰਤੀਸ਼ਤ ਜਾਂ ਇਸ ਤੋਂ ਵੱਧ ਹੋਵੇ, ਤਾਂ ਇਹ ਸਮਾਂ ਹੁੰਦਾ ਹੈ ਕਿ ਤੁਸੀਂ ਕੀਟਨਾਸ਼ਕ ਵਰਤੋ।



ਤੁਸੀਂ ਇਸ ਸੁੰਡੀ ਦੀ ਰੋਕਥਾਮ ਲਈ 60 ਮਿਲੀਲਿਟਰ ਕੋਰਾਜਨ 18.5 ਐਸ ਸੀ (ਕਲੋਰਐਂਟਰਾਨਿਲੀਪਰੋਲ) ਜਾਂ 20 ਮਿਲੀਲਿਟਰ ਫੇਮ 480 ਐਸ ਸੀ (ਫਲੂਬੈਂਡਾਮਾਈਡ 39.35%) ਜਾਂ 50 ਗ੍ਰਾਮ ਟਾਕੂਮੀ 20 ਡਬਲਯੂ ਜੀ (ਫਲੂਬੈਂਡਾਮਾਈਡ 20 %) ਜਾਂ 170 ਗ੍ਰਾਮ ਮੋਰਟਰ 75 ਐਸ ਜੀ (ਕਾਰਟਾਪ ਹਾਈਡਰੋਕਲੋਰਾਈਡ) ਜਾਂ 1.0 ਲਿਟਰ ਕੋਰੋਬਾਨ/ਡਰਮਟ/ਫੋਰਸ 20 ਈ. ਸੀ. (ਕਲੋਰਪਾਈਰੀਫਾਸ) ਜਾਂ 80 ਮਿਲੀਲਿਟਰ ਨਿੰਮ ਅਧਾਰਿਤ ਇਕੋਟਿਨ (ਅਜ਼ੈਡੀਰੈਕਟਿਨ 5%) ਨੂੰ 100 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਛਿੜਕੋ।

★ ਇਕੋਟਿਨ ਦੀ ਵਰਤੋਂ ਨੂੰ ਕੀੜੇ ਦੇ ਸ਼ੁਰੂਆਤੀ ਹਮਲੇ ਸਮੇਂ ਪਹਿਲ ਦਿਓ।

★ ਹਰ ਵਾਰ ਇਕ ਹੀ ਕੀਟਨਾਸ਼ਕ ਦੀ ਵਰਤੋਂ ਨਾ ਕਰੋ, ਜੇ ਦੁਬਾਰਾ ਲੋੜ ਪਵੇ, ਤਾਂ ਵੱਖ-ਵੱਖ ਕੀਟਨਾਸ਼ਕ ਅਦਲ-ਬਦਲ ਕਰ ਕੇ ਹੀ ਵਰਤੋ।

★ ਨਾਈਟ੍ਰੋਜਨ ਤੱਤ ਵਾਲੀਆਂ ਖਾਦਾਂ ਵੱਧ ਪਾਉਣ ਨਾਲ ਇਸ ਸੁੰਡੀ ਦਾ ਹਮਲਾ ਵੀ ਵਧੇਰੇ ਹੁੰਦਾ ਹੈ। ਇਸ ਲਈ ਖਾਦਾਂ ਦੀ ਵਰਤੋਂ ਸਿਫਾਰਿਸ਼ ਅਨੁਸਾਰ ਹੀ ਕਰੋ।

**ਸਾਵਧਾਨੀ** :

ਕਿਸਾਨ ਵੀਰੋ, ਇਸ ਸੁੰਡੀ ਦੀ ਰੋਕਥਾਮ ਕਰਦੇ ਸਮੇਂ, ਸਿੰਥੈਟਿਕ ਪੈਰਾਥਾਈਰਾਇਡ ਜ਼ਹਿਰਾਂ ਵੀ ਵਰਤੋਂ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ, ਕਿਉਂਕਿ ਇਹ ਚਿੱਟੀ-ਪਿੱਠ ਵਾਲੇ ਅਤੇ ਭੂਰੇ ਟਿੱਡਿਆਂ ਦੀ ਆਬਾਦੀ ਵਿਚ ਵਾਧਾ ਕਰ ਸਕਦੇ ਹਨ, ਜੋ ਕਿ ਝੋਨੇ ਦੀ ਫਸਲ ਲਈ ਨੁਕਸਾਨਦੇਹ ਹੁੰਦੇ ਹਨ।

**ਹਰਵਿੰਦਰ ਸਿੰਘ ਬੁੱਟਰ, ਸੰਜੀਵ ਕੁਮਾਰ ਕਟਾਰੀਆ ਅਤੇ ਉਰਵੀ ਸ਼ਰਮਾ,**
**ਮੋ. 94788-86565**

**ਨਿੰਮ ਦੇ ਛਿੜਕੇ, ਫਲਾਂ ਦੇ ਸੁੱਕੇ ਮਾਦੇ, ਨਿਮੋਲੀਆਂ, ਗੁੱਦੇ ਅਤੇ ਬੀਜਾਂ ਦੀ ਬਹੁਤ ਸਾਰੀਆਂ ਦਵਾਈਆਂ 'ਚ ਵਰਤੋਂ ਕੀਤੀ ਜਾਂਦੀ ਹੈ...**



# ਭਾਰਤੀ ਮੂਲ ਰਵਾਇਤੀ ਚਿਕਿਤਸਕ ਰੁੱਖ ਨਿੰਮ

ਦੁਨੀਆਂ ਦੀ 80 ਫੀਸਦੀ ਆਬਾਦੀ ਤੰਦਰੁਸਤੀ ਲਈ ਪੌਦਿਆਂ 'ਤੇ ਨਿਰਭਰ ਕਰਦੀ ਹੈ। ਲਗਭਗ 25 ਫੀਸਦੀ ਦਵਾਈਆਂ ਪੌਦਿਆਂ ਤੋਂ ਬਣਾਈਆਂ ਜਾਂਦੀਆਂ ਹਨ। ਕੁਝ ਦਹਾਕਿਆਂ ਤੋਂ ਖੇਤੀ ਖੇਤਰ 'ਚ ਰਸਾਇਣਾਂ ਦੀ ਜ਼ਿਆਦਾ ਵਰਤੋਂ ਕਾਰਨ ਖੁਰਾਕੀ ਪਦਾਰਥ ਤੋਂ ਵਾਤਾਵਰਨ ਰਸਾਇਣਾਂ ਨਾਲ ਲਬਰੇਜ਼ ਹਨ। ਇਨ੍ਹਾਂ ਰਸਾਇਣਾਂ ਦਾ ਸਾਡੀ ਸਿਹਤ ਉੱਪਰ ਮਾੜਾ ਅਸਰ ਪੈ ਰਿਹਾ ਹੈ। ਇਸ ਨਾਲ ਮਨੁੱਖ ਦਾ ਧਿਆਨ ਜੜ੍ਹੀਆਂ-ਬੂਟੀਆਂ, ਕੁਦਰਤੀ ਉਤਪਾਦਾਂ ਅਤੇ ਜੈਵਿਕ ਖੇਤੀ ਵੱਲ ਵਧਿਆ ਹੈ। ਫਸਲਾਂ, ਵਾਤਾਵਰਨ ਅਤੇ ਪਾਣੀ ਦੇ ਸੋਮਿਆਂ 'ਚ ਸਿੰਥੈਟਿਕ ਰਸਾਇਣਾਂ ਦੀ ਮੌਜੂਦਗੀ ਕਾਰਨ ਮਨੁੱਖੀ ਸਿਹਤ ਉੱਪਰ ਮਾੜੇ ਪ੍ਰਭਾਵ ਵਧੇ ਹਨ। ਦੁਨੀਆਂ ਦੀ ਐਗਰੋ ਕੈਮੀਕਲ ਮਾਰਕੀਟ 31 ਤੋਂ 35 ਬਿਲੀਅਨ (3100 ਤੋਂ 3500 ਕਰੋੜ) ਡਾਲਰ ਦੇ ਵਿਚਕਾਰ



ਹੈ। ਇਨ੍ਹਾਂ ਉਤਪਾਦਾਂ ਵਿਚ ਜੜ੍ਹੀਆਂ-ਬੂਟੀਆਂ ਦੀ ਮਾਤਰਾ 48 ਫੀਸਦੀ, ਕੀਟਨਾਸ਼ਕ 25 ਫੀਸਦੀ ਅਤੇ ਉੱਲੀਮਾਰ ਦਵਾਈਆਂ 22 ਫੀਸਦੀ ਹਨ, ਹੁਣ ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ ਵੀ ਕੀੜੇ-ਮਕੌੜਿਆਂ ਅਤੇ ਬਿਮਾਰੀਆਂ 'ਤੇ ਕਾਬੂ ਪਾਉਣ ਲਈ ਪੌਦਿਆਂ ਵਿਚਲੇ ਤੱਤਾਂ, ਜਿਵੇਂ ਪੌਦੇ ਤੋਂ ਪ੍ਰਾਪਤ ਤੇਲ, ਪੌਦੇ ਦਾ ਰਸ ਆਦਿ ਦੀ ਵਰਤੋਂ ਕਰ ਰਹੀਆਂ ਹਨ। ਦਵਾਈਆਂ ਦੇ ਗੁਣਾਂ ਵਾਲੇ ਅਜਿਹੇ ਪੌਦਿਆਂ ਵਿੱਚ ਨਿੰਮ ਦਾ ਰੁੱਖ ਬੇਹੱਦ ਅਹਿਮ ਹੈ।

**ਮਹੱਤਤਾ** : ਨਿੰਮ ਨੂੰ ਭਾਰਤੀ ਉਪ ਮਹਾਂਦੀਪ ਦਾ ਸਭ ਤੋਂ ਅਹਿਮ ਰੁੱਖ ਮੰਨਿਆ ਜਾਂਦਾ ਹੈ। ਨਿੰਮ ਦਾ ਪੂਰੀ ਤਰ੍ਹਾਂ ਵਿਕਸਤ ਰੁੱਖ 10 ਮੀਟਰ ਘੇਰੇ ਤੱਕ ਫੈਲ ਸਕਦਾ ਹੈ। ਫਾਰਸੀ ਸਾਹਿਤ 'ਚ ਇਸ ਨੂੰ 'ਆਜ਼ਾਦ-ਏ-ਹਿੰਦ', ਭਾਵ ਭਾਰਤ ਦਾ ਆਜ਼ਾਦ ਰੁੱਖ ਆਖਿਆ ਗਿਆ ਹੈ। ਇਕ ਅੰਦਾਜ਼ੇ ਅਨੁਸਾਰ ਭਾਰਤ ਵਿੱਚ ਇਸ ਸਮੇਂ 13.8 ਮਿਲੀਅਨ ਨਿੰਮ ਦੇ ਰੁੱਖ ਹਨ, ਜਿਨ੍ਹਾਂ ਤੋਂ 83 ਹਜ਼ਾਰ ਟਨ ਨਿੰਮ ਦਾ ਤੇਲ, 3.3 ਲੱਖ ਟਨ ਨਿੰਮ ਦੇ ਕੇਕ ਅਤੇ 4.13 ਲੱਖ ਟਨ ਨਿੰਮ ਦਾ ਬੀਜ ਤਿਆਰ ਕੀਤਾ ਜਾ ਸਕਦਾ ਹੈ। ਨਿੰਮ ਦੇ ਇਕ ਰੁੱਖ ਤੋਂ 37-50 ਕਿਲੋ ਨਿਮੋਲੀਆਂ ਪ੍ਰਾਪਤ ਹੁੰਦੀਆਂ ਹਨ। ਇਸ ਦੇ 40 ਕਿਲੋ ਫਲਾਂ ਤੋਂ 24 ਕਿਲੋ ਸੁੱਕਾ ਮਾਦਾ ਅਤੇ 11.52 ਕਿਲੋਂ ਗੁੱਦਾ ਪ੍ਰਾਪਤ ਹੁੰਦਾ ਹੈ। ਇਸ ਤੋਂ ਇਲਾਵਾ 6 ਕਿਲੋ ਬੂਰਾ ਅਤੇ 1.1 ਕਿਲੋ ਬੀਜ ਦਾ ਛਿਲਕਾ ਪ੍ਰਾਪਤ ਹੁੰਦਾ ਹੈ।

**ਵਿਲੱਖਣਤਾ** : ਨਿੰਮ ਅਜਿਹਾ ਵਿਲੱਖਣ ਰੁੱਖ ਹੈ, ਜਿਸ ਵਿੱਚ ਔਸ਼ਧੀਆਂ ਵਾਲੇ ਬਹੁਤ ਸਾਰੇ ਗੁਣ ਹਨ। ਇਸ ਵਿਚਲੇ ਕੁਦਰਤੀ ਤੱਤ ਬੈਕਟੀਰੀਆ, ਉੱਲ੍ਹੀ ਰੋਗਾਂ ਅਤੇ ਕੀੜੇ-ਮਕੌੜਿਆਂ ਨੂੰ ਭਜਾਉਣ ਦੀ ਸਮਰੱਥਾ ਰੱਖਦੇ ਹਨ। ਮੁੱਢ ਕਦੀਮ ਤੋਂ ਬਹੁਤ ਸਾਰੀਆਂ ਬਿਮਾਰੀਆਂ ਦੇ ਇਲਾਜ ਲਈ ਨਿੰਮ ਦੀ ਵਰਤੋਂ ਕੀਤੀ ਜਾਂਦੀ ਰਹੀ ਹੈ। ਨਿੰਮ ਦੇ ਪੱਤੇ ਪਾਲਤੂ ਜਾਨਵਰਾਂ ਦੀ ਖੁਰਾਕ ਲਈ ਅਤੇ ਫਲਾਂ ਅਤੇ ਬੀਜਾਂ ਤੋਂ ਤੇਲ ਤਿਆਰ ਕੀਤਾ ਜਾਂਦਾ ਹੈ। ਨਿੰਮ ਦੀਆਂ ਜੜ੍ਹਾਂ ਦਵਾਈਆਂ ਬਣਾਉਣ ਲਈ ਵਰਤੀਆਂ ਜਾਂਦੀਆਂ ਹਨ, ਜਦੋਂ ਕਿ ਲੱਕੜ ਫਰਨੀਚਰ ਤੇ ਹੋਰ ਘਰੇਲੂ ਸਾਮਾਨ ਬਣਾਉਣ ਲਈ ਵਰਤੀ ਜਾਂਦੀ ਹੈ।

**ਸਿਹਤ ਲਈ ਗੁਣਕਾਰੀ** : ਨਿੰਮ ਦੇ ਪੱਤੇ ਖ਼ੂਨ ਦੀ ਸਫਾਈ ਲਈ ਮਹੱਤਵਪੂਰਣ ਮੰਨੇ ਗਏ ਹਨ। ਖ਼ੂਨ ਦੇ ਵਿਕਾਰਾਂ ਤੋਂ ਗ੍ਰਸਤ ਵਿਅਕਤੀ ਰੋਜ਼ ਸਵੇਰੇ ਨਿੰਮ ਦੇ 10-12 ਪੱਤਿਆਂ ਦਾ ਰਸ ਅੱਧਾ ਕੱਪ ਪਾਣੀ 'ਚ ਪਾ ਕੇ ਪੀ ਸਕਦੇ ਹਨ। ਨਿੰਮ ਦਾ ਤੇਲ ਦੰਦਾਂ ਅਤੇ ਮਸੂੜਿਆਂ ਦੀ ਸੰਭਾਲ ਲਈ ਗੁਣਕਾਰੀ ਹੈ। ਤਿੰਨ ਮਹੀਨੇ ਤੱਕ ਇਸ ਦੀ ਕਾਲੀ ਮਿਰਚ ਨਾਲ ਵਰਤੋਂ ਕਰਨ ਨਾਲ ਸ਼ੂਗਰ ਰੋਗ 'ਤੇ ਕਾਬੂ ਪਾਇਆ ਜਾ ਸਕਦਾ ਹੈ। ਨਿੰਮ ਦੇ ਪੱਤਿਆਂ ਦੇ ਪਾਊਡਰ ਨੂੰ ਸ਼ਹਿਦ 'ਚ ਮਿਲਾ ਕੇ, ਜ਼ਖਮਾਂ ਲਈ ਕਾਰਗਰ ਲੇਪ ਤਿਆਰ ਕੀਤਾ ਜਾ ਸਕਦਾ ਹੈ। ਨਿੰਮ ਦੇ ਤਾਜ਼ੇ ਪੱਤਿਆਂ ਦਾ ਲੇਪ ਚਿਹਰੇ ਦੇ ਕਿੱਲਾਂ ਅਤੇ ਛਾਈਆਂ ਦੀ ਰੋਕਥਾਮ ਲਈ ਗੁਣਕਾਰੀ ਹੈ। ਚਮੜੀ ਦੇ ਦੂਸਰੇ ਰੋਗਾਂ ਲਈ ਤਿੰਨ ਗ੍ਰਾਮ ਨਿੰਮ ਦੇ ਪੱਤੇ ਅਤੇ ਤਿੰਨ ਗ੍ਰਾਮ ਆਮਾਲਕੀ ਪਾਊਡਰ ਨੂੰ ਘਿਉ 'ਚ ਮਿਲਾ ਕੇ ਵਰਤਣ ਨਾਲ ਇਨ੍ਹਾਂ ਰੋਗਾਂ ਨੂੰ ਠੀਕ ਕੀਤਾ ਜਾ ਸਕਦਾ ਹੈ। ਸਿਰ 'ਚ ਨਿੰਮ ਦਾ ਤੇਲ ਝੱਸਣ ਨਾਲ ਜੂੰਆਂ ਅਤੇ ਸਿਕਰੀ ਦੀ ਸਮੱਸਿਆ ਨਹੀਂ ਹੁੰਦੀ। ਘਰ ਨੂੰ ਕੀਟਾਣੂਆਂ ਅਤੇ ਮੱਛਰਾਂ-ਮੱਖੀਆਂ ਤੋਂ ਮੁਕਤ ਰੱਖਣ ਲਈ ਸੁੱਕੇ ਪੱਤਿਆਂ ਨੂੰ ਘਿਉ 'ਚ ਮਿਲਾ ਕੇ ਵਰਤਿਆ ਜਾ ਸਕਦਾ ਹੈ।

**ਫਸਲਾਂ ਉੱਪਰ ਵਰਤੋਂ** : ਨਿੰਮ ਨੂੰ ਕੀਟਨਾਸ਼ਕ ਅਤੇ ਰੋਗਨਾਸ਼ਕ ਵਿਸ਼ੇਸ਼ਤਾਵਾਂ ਲਈ ਜਾਣਿਆ ਜਾਂਦਾ ਹੈ। ਨਿੰਮ ਦੇ ਦਰੱਖਤ ਤੋਂ ਪ੍ਰਾਪਤ ਸਾਰੇ ਉਤਪਾਦਾਂ ਵਿਚੋਂ ਬੀਜਾਂ ਦਾ ਤੇਲ ਵਪਾਰਕ ਤੌਰ 'ਤੇ ਸਭ ਤੋਂ ਵੱਧ ਮਹੱਤਵਪੂਰਨ ਹੈ। ਇਹ ਤੇਲ ਕੀਟਨਾਸ਼ਕਾਂ ਤੇ ਮਨੁੱਖੀ ਵਰਤੋਂ ਵਾਲੀਆਂ ਦਵਾਈਆਂ ਵਿੱਚ ਵਰਤਿਆ ਜਾਂਦਾ ਹੈ। ਕੁੱਝ ਸਮਾਂ ਪਹਿਲਾਂ ਖਾਦਾਂ ਵਿੱਚ ਨੀਮ ਲਿਪਤ ਯੂਰੀਆ (Neem Coated Urea) ਦੀ ਵਰਤੋਂ ਸ਼ੁਰੂ ਹੋਈ। ਇਸ ਨਾਲ ਮਿੱਟੀ ਦੀ ਸਿਹਤ 'ਚ ਆ ਰਹੇ ਨਿਘਾਰ ਨੂੰ ਠੱਲ ਪਾਈ ਜਾ ਸਕਦੀ ਹੈ ਅਤੇ ਇਸ ਕਾਰਨ ਨਿੰਮ ਦੇ ਤੇਲ ਦੀ ਮੰਗ 'ਚ ਹੋਰ ਵਾਧਾ ਹੋਇਆ ਹੈ। ਨਿੰਮ ਦੇ ਬੀਜਾਂ ਤੋਂ ਬੀਜ ਕੇਕ ਅਤੇ ਦੇਸੀ ਖਾਦ ਵੀ ਤਿਆਰ ਕੀਤੀ ਜਾਂਦੀ ਹੈ। ਨਿੰਮ ਤੋਂ ਤਿਆਰ ਕੀਤੇ ਪਦਾਰਥ ਫਸਲਾਂ ਦੇ ਦੁਸ਼ਮਣ ਕੀੜਿਆਂ ਦੇ ਵਾਧੇ ਨੂੰ ਰੋਕਣ ਦੀ ਸਮਰੱਥਾ ਰੱਖਦੇ ਹਨ ਪਰ ਹੁਣ ਤੱਕ ਇਸ ਤੋਂ ਬਹੁਤ ਘੱਟ ਅਜਿਹੇ ਪਦਾਰਥ ਤਿਆਰ ਕੀਤੇ ਗਏ ਹਨ। ਇਹ ਪਦਾਰਥ ਨਰਮੇ ਅਤੇ ਝੋਨੇ ਦੀ ਖੇਤੀ 'ਚ ਸਿਫਾਰਸ਼ ਕੀਤੇ ਗਏ ਹਨ। ਚਿੱਟੀ ਮੱਖੀ ਅਤੇ ਤਣਾ ਛੇਦਕ ਸੁੰਡੀ ਦੀ ਰੋਕਥਾਮ ਲਈ ਨਿੰਮ ਆਧਾਰਿਤ ਘੋਲ 'ਨਿੰਬੀਸਾਈਡ' ਜਾਂ 'ਅਚੂਕ' ਇਕ ਲੀਟਰ ਦੀ ਪ੍ਰਤੀ ਏਕੜ ਲਈ ਸਿਫਾਰਿਸ਼ ਕੀਤੀ ਗਈ ਹੈ। ਨਿੰਮ ਦਾ ਘੋਲ ਤਿਆਰ ਕਰਨ ਲਈ ਨਿੰਮ ਦੇ ਚਾਰ ਕਿਲੋਂ ਪੱਤੇ, ਹਰੀਆਂ ਟਹਿਣੀਆਂ ਅਤੇ ਨਿਮੋਲੀਆਂ ਨੂੰ 10 ਲਿਟਰ ਪਾਣੀ 'ਚ 30 ਮਿੰਟ ਤੱਕ ਉਬਾਲੋ। ਇਸ ਘੋਲ ਨੂੰ ਕੱਪੜੇ ਨਾਲ ਛਾਣ ਲਵੋ ਅਤੇ ਤਰਲ ਦਾ ਸਿਫਾਰਸ਼ ਕੀਤੀ ਮਾਤਰਾ ਮੁਤਾਬਕ ਫਸਲ ਉਪਰ ਛਿੜਕਾਅ ਕਰੋ। ਇਹ ਘੋਲ ਫਸਲਾਂ ਦੀਆਂ ਕਈਂ ਬਿਮਾਰੀਆਂ ਨੂੰ ਕਾਬੂ ਕਰਨ 'ਚ ਵੀ ਕਾਫੀ ਲਾਭਕਾਰੀ ਹੈ। ਉਮੀਦ ਹੈ ਕਿ ਭਵਿੱਖ ਵਿਚ ਨਿੰਮ ਤੋਂ ਤਿਆਰ ਹੋਰ ਪਦਾਰਥ ਵੀ ਵਰਤੋਂ 'ਚ ਆਉਣਗੇ।

**ਅਸ਼ੋਕ ਕੁਮਾਰ ਧਾਕੜ, ਵਿਜੈ ਕੁਮਾਰ**

# ਘਰਾਂ ਵਿਚ ਪ੍ਰਦੂਸ਼ਣ ਫੈਲਾਉਣ ਵਾਲੇ ਕਾਰਕਾਂ ਪ੍ਰਤੀ ਸਾਵਧਾਨੀ ਜ਼ਰੂਰੀ



ਅਸੀਂ ਆਪਣੇ ਘਰਾਂ ਨੂੰ ਸੁੰਦਰ, ਸਾਫ-ਸੁਥਰਾ ਅਤੇ ਕੀਟਾਣੂ ਰਹਿਤ ਬਣਾਈ ਰੱਖਣ ਲਈ ਅਕਸਰ ਹੀ ਕਈ ਤਰ੍ਹਾਂ ਦੇ ਰਸਾਇਣ ਵਰਤੋਂ ਵਿਚ ਲਿਆਉਂਦੇ ਹਾਂ। ਕਈ ਤਰ੍ਹਾਂ ਦੇ ਪੈਸਟੀਸਾਈਡ, ਏਅਰ ਪਿਊਰੀ ਫਾਇਰ, ਬਾਥਰੂਮ ਅਤੇ ਟੂਆਇਲਿਟ ਨੂੰ ਸਾਫ ਕਰਨ ਵਾਲੇ ਕਲੀਨਰ, ਮੱਛਰ ਭਜਾਉਣ ਵਾਲੇ ਜ਼ਹਿਰੀਲੇ ਮੈਟ ਆਦਿ ਸਾਰੇ ਘਰਾਂ ਦੇ ਵਾਤਾਵਰਣ ਨੂੰ ਪ੍ਰਦੂਸ਼ਿਤ ਕਰਦੇ ਹਨ।

★ ਅੱਜ-ਕੱਲ੍ਹ ਹਰ ਘਰ ਵਿਚ ਕੱਪੜੇ ਧੋਣ, ਬਰਤਨ ਸਾਫ ਕਰਨ ਬਾਥਰੂਮ ਅਤੇ ਫਰਸ਼ ਸਾਫ ਕਰਨ ਵਿਚ ਡਿਟਰਜੈਂਟ ਦਾ ਵੱਡੀ ਮਾਤਰਾ ਵਿਚ ਇਸਤੇਮਾਲ ਕੀਤਾ ਜਾਂਦਾ ਹੈ। ਜੋ ਵਾਤਾਵਰਣ ਦੇ ਪ੍ਰਦੂਸ਼ਣ ਨੂੰ ਹੀ ਨਹੀਂ ਵਧਾਉਂਦਾ ਬਲਕਿ ਸਿਹਤ ਨੂੰ ਵੀ ਪ੍ਰਭਾਵਿਤ ਕਰਦਾ ਹੈ, ਇੰਨਾ ਹੀ ਨਹੀਂ ਇਹ ਨਦੀਆਂ ਅਤੇ ਜ਼ਮੀਨ ਹੇਠਲੇ ਪਾਣੀ ਨੂੰ ਵੀ ਪ੍ਰਦੂਸ਼ਿਤ ਕਰਦਾ ਹੈ।

★ ਘਰਾਂ ਵਿਚ ਕੀਟਨਾਸ਼ਕ ਦਵਾਈਆਂ ਜਿਵੇਂ ਬੀ. ਐਚ. ਸੀ. ਡਾਇਏਡਰੇਨ, ਫਾਨਾਇਲ ਐਂਟੀਸੈਪਟਿਕ ਦਵਾਈਆਂ ਅਤੇ ਰੋਗ ਸੰਕ੍ਰਮਣ ਰੋਕਣ ਦੀਆਂ ਦਵਾਈਆਂ ਵੀ ਪ੍ਰਦੂਸ਼ਣ ਫੈਲਾਉਣ ਦਾ ਕੰਮ ਕਰਦੀਆਂ ਹਨ।

★ ਘਰਾਂ ਵਿਚ ਕੀੜੇਮਾਰ ਦਵਾਈਆਂ ਦਾ ਉਪਯੋਗ ਵੀ ਬਹੁਤ ਸਾਵਧਾਨੀ ਨਾਲ ਕਰਨਾ ਚਾਹੀਦਾ ਹੈ, ਉਹ ਤੁਹਾਡੇ ਖਾਧ-ਪਦਾਰਥਾਂ ਨੂੰ ਦੂਸ਼ਿਤ ਹੀ ਨਹੀਂ ਕਰਦੀਆਂ, ਸਗੋਂ ਘਰੇਲੂ ਵਾਤਾਵਰਣ 'ਤੇ ਵੀ ਮਾੜਾ ਅਸਰ ਪਾਉਂਦੀਆਂ ਹਨ। ਇਨ੍ਹਾਂ ਨੂੰ ਬੱਚਿਆਂ ਦੀ ਪਹੁੰਚ ਤੋਂ ਦੂਰ ਰੱਖਣਾ ਚਾਹੀਦਾ ਹੈ।

★ ਬੀੜੀ / ਸਿਗਰਟ ਦਾ ਧੂੰਆਂ ਵੀ ਘਰਾਂ ਨੂੰ ਪ੍ਰਦੂਸ਼ਿਤ ਕਰਨ ਵਿਚ ਸਹਾਇਕ ਹੁੰਦਾ ਹੈ। ਬੰਦ ਕਮਰੇ ਵਿਚ ਸਿਗਰਟ ਪੀਣ ਨਾਲ ਉਸ ਦਾ ਧੂੰਆਂ ਸਿਗਰਟ ਨਾ ਪੀਣ ਵਾਲਿਆਂ ਨੂੰ ਵੀ ਪ੍ਰਭਾਵਿਤ ਕਰਦਾ ਹੈ। ਬੀੜੀ / ਸਿਗਰਟ ਦੇ ਧੂੰਏਂ ਵਿਚ ਕਾਰਬਨ ਮੋਨੋਔਕਸਾਈਡ, ਨਿਕੋਟੀਨ, ਸਾਇਨਾਈਡ ਡਾਈਬੈਂਜੋਪਾਇਰੀਨ ਵਰਗੇ ਕਿੰਨੇ ਹੀ ਘਾਤਕ ਰਸਾਇਣ ਹੁੰਦੇ ਹਨ, ਜੋ ਮੂੰਹ, ਗਲੇ ਅਤੇ ਫੇਫੜਿਆਂ ਦੇ ਕੈਂਸਰ ਨੂੰ ਜਨਮ ਦਿੰਦੇ ਹਨ।

★ ਘਰਾਂ ਵਿਚ ਪਲਾਸਟਿਕ ਯੁਕਤ ਪਦਾਰਥਾਂ ਨੂੰ ਜਲਾਉਣ ਨਾਲ ਮੋਨੋਔਕਸਾਈਡ ਗੈਸ ਪੈਦਾ ਹੁੰਦੀ ਹੈ, ਜੋ ਰੰਧਹੀਨ ਅਤੇ ਸਵਾਦਹੀਣ ਹੁੰਦੀ ਹੈ। ਇਹ ਖ਼ੂਨ ਦੇ ਹੀਮੋਗਲੋਬਿਨ ਤੋਂ ਆਕਸੀਜਨ ਦੇ ਮੁਕਾਬਲੇ ਬਹੁਤ ਤੇਜ਼ੀ ਨਾਲ ਮੇਲ ਕਰਦੀ ਹੈ। ਇਸ ਦੀ ਬਹੁਲਤਾ ਕਾਰਨ ਆਕਸੀਜਨ ਖ਼ੂਨ ਤੱਕ ਨਹੀਂ ਪਹੁੰਚ ਸਕਦੀ ਅਤੇ ਮਨੁੱਖ ਦੀ ਮੌਤ ਹੋ ਜਾਂਦੀ ਹੈ।

★ ਡਰਾਈਕਲੀਨ ਕੀਤੇ ਕੱਪੜਿਆਂ ਵਿੱਚੋਂ ਹੀ ਜ਼ਹਿਰੀਲੀ ਗੈਸ ਨਿਕਲਦੀ ਹੈ। ਇਸ ਗੈਸ ਨਾਲ ਚੱਕਰ ਆਉਣ, ਘਬਰਾਹਟ, ਸਿਰ ਦਰਦ, ਉਲਟੀ ਆਉਣ ਆਦਿ ਤਕਲੀਫਾਂ ਹੋ ਸਕਦੀਆਂ ਹਨ। ਇਨ੍ਹਾਂ ਕੱਪੜਿਆਂ ਨੂੰ ਅਲਮਾਰੀ ਵਿੱਚ ਰੱਖਣ ਤੋਂ ਪਹਿਲਾਂ ਖੁੱਲ੍ਹੀ ਹਵਾ ਵਿਚ ਰੱਖਣਾ ਚਾਹੀਦਾ ਹੈ।

★ ਬਿਨਾਂ ਖਿੜਕੀ ਅਤੇ ਰੋਸ਼ਨਦਾਨ ਤੋਂ ਬੰਦ ਪਏ ਕਮਰੇ ਵਿਚ ਕਾਫੀ ਸਮੇਂ ਤੋਂ ਰੱਖਿਆ ਕਬਾੜ ਆਦਿ ਦਾ ਸਾਮਾਨ ਵੀ ਗੰਦੀ ਬਦਬੂ ਛੱਡਦਾ ਹੈ, ਜੋ ਸਿਹਤ ਅਤੇ ਵਾਤਾਵਰਨ ਨੂੰ ਪ੍ਰਭਾਵਿਤ ਕਰਦਾ ਹੈ।

★ ਘਰਾਂ ਵਿਚ ਫਰਿੱਜ, ਵਾਸ਼ਿੰਗ ਮਸ਼ੀਨ, ਮਾਈਕ੍ਰੋਵੇਵ ਓਵਨ, ਕੂਕਿੰਗ ਗੈਸ, ਮਿਕਸਰ ਗਰਾਇੰਡਰ, ਟੀ.ਵੀ. ਆਦਿ ਦੀ ਥੋੜ੍ਹੀ-ਥੋੜ੍ਹੀ ਮਾਤਰਾ ਵਿੱਚ ਜ਼ਹਿਰੀਲੀਆਂ ਗੈਸਾਂ ਛੱਡਦੇ ਹਨ।

**ਕੁਝ ਹੋਰ ਗੱਲਾਂ** : ★ ਧੂੰਏਂ ਨਾਲ ਨਿਕਲਣ ਵਾਲੀ ਕਾਰਬਨ ਮੋਨੋਔਕਸਾਈਡ ਦੇ ਪ੍ਰਭਾਵ ਹੇਠ ਆਉਣ ਵਾਲੀਆਂ ਔਰਤਾਂ ਨੂੰ ਬਲੱਡ ਕੈਂਸਰ ਹੋਣ ਦਾ ਖਤਰਾ ਬਣਿਆ ਰਹਿੰਦਾ ਹੈ।

★ ਡਿਟਰਜੈਂਟ ਨਾਲ ਬਰਤਨ ਸਾਫ ਕਰਨ ਵਾਲੀਆਂ ਔਰਤਾਂ ਦੇ ਹੱਥਾਂ ਵਿਚ ਜਲਣ, ਐਗਜ਼ੀਮਾ, ਐਲਰਜੀ ਅਤੇ ਚਮੜੀ ਦੇ ਗੰਭੀਰ ਰੋਗ ਹੋ ਜਾਂਦੇ ਹਨ।

★ ਸਰਦੀਆਂ ਵਿਚ ਬੰਦ ਕਮਰਿਆਂ ਵਿਚ ਅੰਗੀਠੀ ਤੋਂ ਨਿਕਲਣ ਵਾਲੀ ਕਾਰਬਨ ਮੋਨੋਔਕਸਾਈਡ ਗੈਸ ਨਾਲ ਮੌਤ ਹੋ ਸਕਦੀ ਹੈ। ਹਰ ਸਾਲ ਦਰਜਨਾਂ ਲੋਕ ਇਸ ਅਣਗਹਿਲੀ ਦਾ ਸ਼ਿਕਾਰ ਹੋ ਕੇ ਮੌਤ ਦੇ ਮੂੰਹ ਜਾ ਪੈਂਦੇ ਹਨ।

**ਸੁਖਮੰਦਰ ਸਿੰਘ ਤੂਰ,**
**ਪਿੰਡ ਤੇ ਡਾਕ-ਖੋਸਾ ਪਾਂਡੋ, (ਮੋਗਾ)**

**ਬੇਸ਼ੱਕ ਸੁਹੰਜਣਾ ਅਮੀਰ ਗਰੀਬ ਵਾਸਤੇ ਬਰਾਬਰ ਦੇ ਫਾਇਦੇ ਦਿੰਦਾ ਹੈ ਪਰ ਸੁਹੰਜਣੇ ਦੀ ਮੁਹਿੰਮ ਵਿਚ ਗਰੀਬ ਲੋਕਾਂ ਨੂੰ ਜ਼ਿਆਦਾ ਭੂਮਿਕਾ ਨਿਭਾਉਣੀ ਚਾਹੀਦੀ ਹੈ ਕਿਉਂਕਿ ਇਸ ਦੀ ਵਰਤੋਂ ਨਾਲ ਗਰੀਬਾਂ ਦੀ ਸਿਹਤ ਪੱਖੋਂ, ਕਾਇਆ ਕਲਪ ਹੋ ਸਕਦੀ ਹੈ । ਇਸ ਰੁੱਖ ਵਿਚ ਏਨੇ ਜ਼ਿਆਦਾ ਖੁਰਾਕੀ ਤੱਤ ਹੋਣ ਕਰਕੇ ਸੁਹੰਜਣੇ ਨੂੰ ਗਰੀਬਾਂ ਦਾ ਡਾਕਟਰ ਜਾਂ ਗਰੀਬਾਂ ਦਾ ਮਸੀਹਾ ਵੀ ਕਿਹਾ ਜਾ ਸਕਦਾ ਹੈ ।**



# ਘਰ-ਘਰ ਲਾਓ ਸੁਹੰਜਣਾ
## ਜੇ ਸਰੀਰ ਤੰਦਰੁਸਤ ਰੱਖਣਾ

**ਹਰਦਿਆਲ ਸਿੰਘ ਘਰਿਆਲਾ,**
**ਕਨਵੀਨਰ ਲੋਕ ਸੇਵਾ ਮਿਸ਼ਨ**

ਸੁਹੰਜਣਾ ਇਕ ਬਹੁਤ ਹੀ ਗੁਣਕਾਰੀ ਰੁੱਖ ਹੈ । ਸੁਹੰਜਣਾ 300 ਬੀਮਾਰੀਆਂ ਠੀਕ ਕਰਦਾ ਹੈ । ਏਸੇ ਕਰਕੇ ਹੀ ਸੁਹੰਜਣੇ ਨੂੰ ਚਮਤਕਾਰੀ ਰੁੱਖ ਕਿਹਾ ਗਿਆ ਹੈ । ਇਸ ਦਾ ਅੰਗਰੇਜ਼ੀ ਨਾਮ ਡਰੱਮ ਸਟਿੱਕ (Drum Stick) ਅਤੇ ਵਿਗਿਆਨਕ ਨਾਮ ਮੋਰਿੰਗਾ ਓਲੀਫੇਰਾ (Moringa Oleifera) ਹੈ । ਸੁਹੰਜਣਾ ਜਿੱਥੇ ਦਵਾਈ ਦਾ ਕੰਮ ਕਰਦਾ ਹੈ ਉਥੇ ਇਹ ਉੱਤਮ ਖੁਰਾਕ ਵੀ ਹੈ । ਵਿਦੇਸ਼ਾਂ ਵਿਚ ਇਸ ਨੂੰ 'ਸੁਪਰ ਫੂਡ' ਦੇ ਤੌਰ 'ਤੇ ਜਾਣਿਆ ਜਾਂਦਾ ਹੈ ।

**ਆਓ ਸੁਹੰਜਣੇ ਦੇ ਕਰੀਬ,**
**ਠੀਕ ਹੋਵੇਗਾ ਮਰੀਜ਼**
**ਭਾਵੇਂ ਅਮੀਰ ਜਾਂ ਗਰੀਬ**

ਸੁਹੰਜਣੇ ਵਿਚ ਵਿਟਾਮਿਨ ਏ, ਸੀ, ਈ, ਕੈਲਸ਼ੀਅਮ, ਲੋਹਾ, ਜ਼ਿੰਕ, ਤਾਂਬਾ, ਪੋਟਾਸ਼ੀਅਮ, ਫਾਸਫੋਰਸ, ਸਲਫਰ, ਆਇਓਡੀਨ, ਪ੍ਰੋਟੀਨ, ਫਾਈਬਰ, ਕਾਰਬੋਹਾਈਡਰੇਟ, ਸੋਡੀਅਮ, ਮੈਗਨੀਸ਼ੀਅਮ ਭਰਪੂਰ ਮਾਤਰਾ ਵਿਚ ਹੁੰਦੇ ਹਨ ।

**ਸੁਹੰਜਣੇ ਦੇ ਮੁੱਖ ਫਾਇਦੇ**

1. ਬਿਮਾਰੀਆਂ ਨਾਲ ਲੜਨ ਦੀ ਸ਼ਕਤੀ (Immunity) ਵਧਦੀ ਹੈ ।
2. ਗੋਡਿਆਂ ਦਾ ਦਰਦ ਠੀਕ ਕਰਦਾ ਹੈ ।
3. ਦਿਲ ਦੀ ਬਿਮਾਰੀ ਠੀਕ ਕਰਦਾ ਹੈ ।
4. ਸ਼ੂਗਰ ਨਾਰਮਲ ਕਰਦਾ ਹੈ ।
5. ਮੋਟਾਪਾ ਘਟਾਉਂਦਾ ਹੈ ।
6. ਖੂਨ ਵਧਾਉਂਦਾ ਹੈ ।
7. ਬਲੱਡ ਪ੍ਰੈਸ਼ਰ ਠੀਕ ਕਰਦਾ ਹੈ ।
8. ਅੱਖਾਂ ਦੀ ਨਜ਼ਰ ਵਧਦੀ ਹੈ ।
9. ਅਲਸਰ ਠੀਕ ਕਰਦਾ ਹੈ ।
10. ਦਿਮਾਗੀ ਤਾਕਤ ਵਧਦੀ ਹੈ ।
11. ਚਮੜੀ ਦੀਆ ਝੁਰੜੀਆਂ ਨਹੀਂ ਪੈਂਦੀਆਂ ।
12. ਹਰ ਤਰ੍ਹਾਂ ਦੀ ਸਰੀਰਕ ਕਮਜ਼ੋਰੀ ਦੂਰ ਕਰਦਾ ਹੈ ।
13. ਕੈਂਸਰ ਦੀ ਬਿਮਾਰੀ ਨੂੰ ਠੀਕ ਕਰਦਾ ਹੈ ।
14. ਜ਼ਖਮ ਠੀਕ ਕਰਦਾ ਹੈ ।
15. ਹਾਰਮੋਨ ਦੇ ਪੱਧਰ ਨੂੰ ਨਿਯਮਤ ਕਰਦਾ ਹੈ ।

**ਵਰਤੋਂ** : ਸੁਹੰਜਣੇ ਦੇ ਪੱਤਿਆਂ ਨੂੰ ਛਾਂਵੇਂ ਸੁਕਾ ਕੇ ਬਣਾਇਆ ਪਾਊਡਰ ਇਕ ਚਮਚਾ ਰੋਜ਼ਾਨਾ ਖਾਓ । ਸੁਹੰਜਣਾ ਖਾਲੀ ਪੇਟ ਨਹੀਂ ਖਾਣਾ । ਸੁਹੰਜਣੇ ਦਾ ਪਾਊਡਰ ਲਗਾਤਾਰ ਦੋ ਮਹੀਨੇ ਖਾਣ ਤੋਂ ਬਾਅਦ, ਇਕ ਹਫਤਾ ਛੱਡ ਦਿਓ । ਛੋਟੇ ਬੱਚਿਆਂ ਨੂੰ ਉਮਰ ਮੁਤਾਬਿਕ ਦਿਓ । ਇਹ ਪਾਊਡਰ ਇੱਕ ਮਹੀਨੇ ਤੱਕ ਖਤਮ ਕਰ ਲੈਣਾ ਚਾਹੀਦਾ ਹੈ ਕਿਉਂਕਿ ਕਈ ਵਾਰ ਪੁਰਾਣੇ ਪਾਊਡਰ ਵਿਚ ਕਿਰਮ ਪੈ ਜਾਂਦੇ ਹਨ । ਸੁੱਕੇ ਪੱਤੇ ਇਕ ਸਾਲ ਤੱਕ ਸੰਭਾਲ ਕੇ ਰੱਖੇ ਜਾ ਸਕਦੇ ਹਨ । ਸੁਹੰਜਣੇ ਦੇ ਹਰੇ ਪੱਤੇ ਰੋਟੀ ਅਤੇ ਸਬਜ਼ੀ ਵਿਚ ਪਾਏ ਜਾ ਸਕਦੇ ਹਨ । ਇਸ ਦੇ ਹਰੇ ਪੱਤਿਆਂ ਦੀ ਭੁਰਜੀ ਵੀ ਬਣਾਈ ਜਾ ਸਕਦੀ ਹੈ । ਸੁਹੰਜਣੇ ਦੇ ਪੱਤਿਆਂ ਦਾ ਰਸ (ਜੂਸ) ਪੀਣਾ ਵੀ ਫਾਇਦੇਮੰਦ ਹੈ ।

ਬੇਸ਼ੱਕ ਸੁਹੰਜਣਾ ਅਮੀਰ ਗਰੀਬ ਵਾਸਤੇ ਬਰਾਬਰ ਦੇ ਫਾਇਦੇ ਦਿੰਦਾ ਹੈ ਪਰ ਸੁਹੰਜਣੇ ਦੀ ਮੁਹਿੰਮ ਵਿਚ ਗਰੀਬ ਲੋਕਾਂ ਨੂੰ ਜ਼ਿਆਦਾ ਭੂਮਿਕਾ ਨਿਭਾਉਣੀ ਚਾਹੀਦੀ ਹੈ ਕਿਉਂਕਿ ਇਸ ਦੀ ਵਰਤੋਂ ਨਾਲ ਗਰੀਬਾਂ ਦੀ ਸਿਹਤ ਪੱਖੋਂ, ਕਾਇਆ ਕਲਪ ਹੋ ਸਕਦੀ ਹੈ । ਇਸ ਰੁੱਖ ਵਿਚ ਏਨੇ ਜ਼ਿਆਦਾ ਖੁਰਾਕੀ ਤੱਤ ਹੋਣ ਕਰਕੇ ਸੁਹੰਜਣੇ ਨੂੰ ਗਰੀਬਾਂ ਦਾ ਡਾਕਟਰ ਜਾਂ ਗਰੀਬਾਂ ਦਾ ਮਸੀਹਾ ਵੀ ਕਿਹਾ ਜਾ ਸਕਦਾ ਹੈ ।



**ਸੁਹੰਜਣਾ ਚਾਹ** (Moringa Tea) : ਸਰੀਰ ਦੀ ਥਕਾਵਟ ਦੂਰ ਕਰਨ ਲਈ ਸੁਹੰਜਣੇ ਦੇ ਇਕ ਚਮਚ ਸੁੱਕੇ ਪੱਤੇ, ਇਕ ਕੱਪ ਪਾਣੀ ਵਿਚ, ਇੱਕ ਮਿੰਟ ਉਬਾਲੋ ਅਤੇ ਲੋੜ ਮੁਤਾਬਕ ਗੁੜ ਪਾ ਲਓ । ਇਕ ਮਿੰਟ ਉਬਾਲਣ ਉਪਰੰਤ ਪਤੀਲੇ ਦਾ ਢੱਕਣ 5 ਮਿੰਟ ਤੱਕ ਬੰਦ ਰੱਖਣ ਬਾਅਦ, ਪੁਣ ਕੇ ਪੀ ਲਓ । ਸੁਹੰਜਣਾ ਚਾਹ ਤੁਹਾਨੂੰ ਪੂਰੀ ਤਾਕਤ ਦੇਵੇਗੀ ।

**ਚਾਰੇ ਵਾਸਤੇ** : ਸੁਹੰਜਣੇ ਦੇ ਪੱਤਿਆਂ ਨੂੰ ਚਾਰੇ ਦੇ ਤੌਰ 'ਤੇ ਵੀ ਵਰਤਿਆ ਜਾ ਸਕਦਾ ਹੈ । ਪਸ਼ੂਆਂ ਦੀ ਖੁਰਾਕ ਦਾ ਤੀਜਾ ਹਿੱਸਾ ਸੁਹੰਜਣੇ ਦੇ ਪੱਤੇ ਪਾਏ ਜਾ ਸਕਦੇ ਹਨ । ਸੁਹੰਜਣੇ ਨਾਲ ਜਿੱਥੇ ਦੁੱਧ ਵਿਚ ਕਾਫੀ ਵਾਧਾ ਹੁੰਦਾ ਹੈ ਉਥੇ ਦੁੱਧ ਦੀ ਕੁਆਲਟੀ ਵੀ ਵਧੀਆ ਬਣਦੀ ਹੈ ਅਤੇ ਪਸ਼ੂ ਤੰਦਰੁਸਤ ਰਹਿੰਦੇ ਹਨ ।

**ਬਿਜਾਈ ਦਾ ਸਮਾਂ** : ਸੁਹੰਜਣੇ ਦੀ ਨਵੀਂ ਕਿਸਮ (ਕਾਲੇ ਬੀਜ) ਦੀ ਬਿਜਾਈ ਦਾ ਸਮਾਂ ਮਾਰਚ ਤੋਂ ਜੁਲਾਈ ਤੱਕ ਹੈ । ਦੇਸੀ ਕਿਸਮ ਦੇ ਸੁਹੰਜਣੇ (ਚਿੱਟੇ ਬੀਜ) ਦੀਆਂ ਫਲੀਆਂ ਜੂਨ ਦੇ ਪਹਿਲੇ ਹਫਤੇ ਪੱਕਦੀਆਂ ਹਨ । ਇਸ ਕਰਕੇ ਦੇਸੀ ਸੁਹੰਜਣੇ ਦੀ ਬਿਜਾਈ ਜੂਨ ਤੋਂ ਜੁਲਾਈ ਦੇ ਅੰਤ ਤੱਕ ਹੈ । ਲੇਟ ਬਿਜਾਈ ਕਰਨ ਨਾਲ ਸਰਦੀਆਂ ਵਿਚ ਬੂਟੇ ਸੁੱਕ ਜਾਂਦੇ ਹਨ ਪਰ ਫਿਰ ਵੀ ਅਗਲੇ ਸਾਲ ਦੀ ਗਰਮੀ ਸ਼ੁਰੂ ਹੁੰਦਿਆਂ, ਅਪ੍ਰੈਲ-ਮਈ-ਜੂਨ ਮਹੀਨੇ ਦੌਰਾਨ ਸੁੱਕੇ ਬੂਟੇ ਵੀ ਦੁਬਾਰਾ ਫੁੱਟ ਪੈਂਦੇ ਹਨ । ਲਿਫਾਫੇ ਵਿਚ ਬੀਜਿਆ ਬੂਟਾ ਜਦ ਇਕ ਫੁੱਟ ਹੋ ਜਾਵੇ ਤਾਂ ਜ਼ਮੀਨ ਵਿਚ ਲਾਇਆ ਜਾ ਸਕਦਾ ਹੈ ।

**ਨੋਟ** : ਸੁਹੰਜਣੇ ਦਾ ਪਿਛਲੇ ਸਾਲ ਦਾ ਪੁਰਾਣਾ ਬੀਜ ਬਹੁਤ ਘੱਟ ਉੱਗਦਾ ਹੈ । ਇਸ ਕਰਕੇ ਤਾਜ਼ਾ (ਨਵਾਂ) ਬੀਜ ਹੀ ਬੀਜਣਾ ਚਾਹੀਦਾ ਹੈ ।

**ਬੂਟੇ ਲਾਉਣ ਦਾ ਤਰੀਕਾ** : ਸੁਹੰਜਣੇ ਦਾ ਬੂਟਾ ਨੀਵੀਂ ਜਗ੍ਹਾ 'ਤੇ ਨਹੀਂ ਲਾਉਣਾ ਕਿਉਂਕਿ ਛੋਟੇ ਬਾਰਸ਼ ਦੇ ਜ਼ਿਆਦਾ ਪਾਣੀ ਨਾਲ ਮਰ ਜਾਂਦੇ ਹਨ । ਸੁਹੰਜਣਾ ਕੰਧ ਤੋਂ 5 ਫੁੱਟ ਦੂਰ ਲਾਓ ਕਿਉਂਕਿ ਇਹ ਬੂਟਾ ਵੱਡਾ ਹੋ ਕੇ ਕੰਧਾਂ ਵਿਚ ਤਰੇੜਾਂ ਪਾ ਦਿੰਦਾ ਹੈ । ਸੁਹੰਜਣੇ ਦੇ ਬੂਟਿਆਂ ਨੂੰ ਇਕ ਸਾਲ ਤੱਕ ਲੋੜ ਅਨੁਸਾਰ ਪਾਣੀ ਲਾਓ ।



ਇੱਕ ਸਾਲ ਤੋਂ ਵੱਡੇ ਬੂਟਿਆਂ ਨੂੰ ਪਾਣੀ ਦੀ ਕੋਈ ਜ਼ਰੂਰਤ ਨਹੀਂ । ਸੁਹੰਜਣੇ ਦੇ ਵੱਡੇ ਰੁੱਖ ਅੱਤ ਦੀ ਗਰਮੀ ਸਹਾਰ ਲੈਂਦੇ ਹਨ ।

ਇਹ ਵੇਖਿਆ ਗਿਆ ਹੈ ਕਿ ਕਈ ਵਾਰ ਵੱਡੇ ਬੂਟੇ ਕਿਸੇ ਕਾਰਨ ਸੁੱਕ ਜਾਂਦੇ ਹਨ ਪ੍ਰੰਤੂ ਇਹ ਸੁੱਕੇ ਬੂਟੇ ਕਈ ਮਹੀਨਿਆਂ ਬਾਅਦ ਫਿਰ ਦੁਬਾਰਾ ਮੁੱਢ ਤੋਂ ਫੁੱਟ ਪੈਂਦੇ ਹਨ । ਏਸੇ ਕਰਕੇ ਸੁਹੰਜਣੇ ਨੂੰ ਕਦੇ ਨਾ ਮਰਨ ਵਾਲਾ ਬੂਟਾ (Never Die Plant) ਵੀ ਕਿਹਾ ਜਾਂਦਾ ਹੈ ।

**ਬੂਟਿਆਂ ਦੀ ਸਿਧਾਈ** : ਸੁਹੰਜਣੇ ਦਾ ਬੂਟਾ ਬੜੀ ਤੇਜ਼ੀ ਨਾਲ ਵਧਦਾ ਹੈ । ਕਈ ਵਾਰ ਬੂਟੇ ਲੰਬੇ ਹੋਣ ਕਰਕੇ ਡਿੱਗ ਪੈਂਦੇ ਹਨ । ਬੂਟਿਆਂ ਨੂੰ ਡਿੱਗਣ ਤੋਂ ਬਚਾਉਣ ਲਈ ਸਮੇਂ ਸਮੇਂ ਤੇ ਕੱਟਣਾ ਚਾਹੀਦਾ ਹੈ । ਨਵੀਂ ਕਿਸਮ ਵਾਲੇ ਬੂਟਿਆਂ ਦਾ ਵਾਧਾ ਜ਼ਿਆਦਾ ਹੋਣ ਕਰਕੇ ਕਈ ਵਾਰ ਇਹ ਬੂਟੇ ਨਰਸਰੀ ਵਿੱਚ ਹੀ ਇਕ ਫੁੱਟ ਤੋਂ ਕੱਟਣੇ ਪੈਂਦੇ ਹਨ । ਜਦ ਬੂਟੇ 4-5 ਫੁੱਟ ਉੱਚੇ ਹੋ ਜਾਣ ਤਾਂ 3 ਫੁੱਟ ਤੋਂ ਕੱਟ ਦਿਓ । ਫਿਰ ਜਦ ਬੂਟੇ 10 ਫੁੱਟ ਉੱਚੇ ਹੋ ਜਾਣ ਤਾਂ 5 ਫੁੱਟ ਤੋਂ ਕੱਟ ਦਿਓ । ਇਸ ਤਰ੍ਹਾਂ ਕਟਾਈ ਕਰਨ ਨਾਲ ਬੂਟੇ ਦਾ ਮੁੱਢ ਮਜ਼ਬੂਤ ਹੋ ਜਾਂਦਾ ਹੈ ਅਤੇ ਬੂਟੇ ਦੀ ਪੂਰੀ ਛੱਤਰੀ ਬਣ ਜਾਂਦੀ ਹੈ ।

**ਵੱਡੇ ਬੂਟੇ ਤਬਦੀਲ ਕਰਨ ਦਾ ਤਰੀਕਾ** : ਕਈ ਵਾਰ ਕਿਸੇ ਕਾਰਣ ਕਰਕੇ ਸੁਹੰਜਣੇ ਦੇ ਵੱਡੇ ਰੁੱਖ ਪੁੱਟਣੇ ਪੈ ਸਕਦੇ ਹਨ । ਸੋ ਵੱਡੇ ਬੂਟਿਆਂ ਨੂੰ ਜੜ੍ਹਾਂ ਸਮੇਤ ਪੁੱਟ ਕੇ, ਦੂਜੀ ਜਗ੍ਹਾ ਤੇ ਵੱਡਾ ਟੋਆ ਕੱਢ ਕੇ, ਸਫਲਤਾ ਪੂਰਵਕ ਲਾਇਆ ਜਾ ਸਕਦਾ ਹੈ । ਬੂਟੇ ਨੂੰ ਲਾਉਣ ਵੇਲੇ 2-3 ਫੁੱਟ ਤੋਂ ਕੱਟ ਦਿਓ । ਕੁਝ ਦਿਨਾਂ ਬਾਅਦ ਇਹਨਾਂ ਬੂਟਿਆਂ ਤੇ ਨਵਾਂ ਫੁਟਾਰਾ ਆ ਜਾਵੇਗਾ ।

**ਲਿਫਾਫੇ ਤੋਂ ਬਿਨ੍ਹਾਂ ਬੂਟੇ ਤਿਆਰ ਕਰਨ ਦਾ ਤਰੀਕਾ** : ਇਸ ਤਕਨੀਕ ਨਾਲ ਹਜ਼ਾਰਾਂ-ਲੱਖਾਂ ਬੂਟੇ ਬੜ੍ਹੇ ਸੌਖੇ ਤਰੀਕੇ ਨਾਲ ਤਿਆਰ ਕੀਤੇ ਜਾ ਸਕਦੇ ਹਨ । ਜ਼ਮੀਨ ਚੰਗੀ ਤਰ੍ਹਾਂ ਤਿਆਰ ਕਰਕੇ, ਸੁਹੰਜਣੇ ਦੇ ਬੀਜ ਦਾ ਸੰਘਣਾ ਛੱਟਾ ਦੇ ਕੇ ਖੇਲਾਂ ਬਣਾਓ ਅਤੇ ਪਾਣੀ ਦੇ ਦਿਓ । ਇਹ ਧਿਆਨ ਰੱਖਿਆ ਜਾਵੇ ਕਿ ਪਾਣੀ ਖੇਲਾਂ ਦੇ ਅੱਧ ਤੱਕ ਰੱਖਣਾ ਹੈ । ਇਸ ਤਰੀਕੇ ਨਾਲ ਤਿਆਰ ਕੀਤੇ ਬੂਟੇ ਇਕ ਸਾਲ ਤੋਂ ਬਾਅਦ ਜੜ੍ਹਾਂ ਤੋਂ ਪੁੱਟ ਕੇ ਬੜੀ ਕਾਮਯਾਬੀ ਨਾਲ ਲਾਏ ਜਾ ਸਕਦੇ ਹਨ । ਇਸ ਤਰੀਕੇ ਨਾਲ ਬੂਟੇ ਲਾਉਣ ਦਾ ਵਧੀਆ ਸਮਾਂ ਫਰਵਰੀ-ਮਾਰਚ ਜਾਂ ਜੁਲਾਈ ਮਹੀਨਾ ਹੈ । ਇਸ ਤਰੀਕੇ ਨਾਲ ਬੂਟਾ ਲਾਉਣ ਵੇਲੇ ਇਕ ਫੁੱਟ ਤੋਂ ਕੱਟ ਦਿਉ ।

**ਨਰੇਗਾ ਨਰਸਰੀ** : ਵਾਤਾਵਰਣ ਪ੍ਰੇਮੀਆਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਪਿੰਡਾਂ ਵਿਚ ਨਰੇਗਾ ਸਕੀਮ ਅਧੀਨ ਵੱਖ-ਵੱਖ ਕਿਸਮਾਂ ਦੇ ਬੂਟੇ ਤਿਆਰ ਕਰਨ ਲਈ ਨਰਸਰੀਆਂ ਬਣਾਓ । ਇਸ ਨਰਸਰੀ ਦਾ ਸਾਰਾ ਖਰਚਾ ਸਰਕਾਰੀ ਹੋਵੇਗਾ । ਨਰਸਰੀ ਬਣਾਉਣ ਬਾਰੇ ਅਸੀਂ ਤੁਹਾਨੂੰ ਪੂਰੀ ਤਰ੍ਹਾਂ ਗਾਈਡ ਕਰਾਂਗੇ ।

ਅਸੀਂ ਹਰ ਸਾਲ ਜੂਨ ਦੇ ਪਹਿਲੇ ਹਫਤੇ ਦੇਸੀ ਸੁਹੰਜਣੇ ਦੇ ਬੂਟਿਆਂ ਤੋਂ ਫਲੀਆਂ ਤੋੜ ਕੇ ਲੱਖਾਂ ਦੀ ਗਿਣਤੀ ਵਿਚ ਬੀਜ ਇਕੱਠੇ ਕਰਦੇ ਹਾਂ । ਸਭਨਾ ਨੂੰ ਬੇਨਤੀ ਹੈ ਕਿ ਆਪੋ ਆਪਣੇ ਇਲਾਕੇ ਵਿਚ ਲੱਗੇ ਵੱਡੇ ਬੂਟਿਆਂ ਦੀ ਪਹਿਚਾਣ ਕਰੋ ਅਤੇ ਬੀਜ ਇਕੱਠੇ ਕਰਨ ਦੀ ਮੁਹਿੰਮ ਵਿਚ ਸ਼ਾਮਲ ਹੋਵੋ । ਨਵੀਂ ਕਿਸਮ ਦੇ ਬੀਜ ਗੁਜਰਾਤ, ਉੜੀਸਾ ਜਾਂ ਤਾਮਿਲਨਾਡੂ ਤੋਂ ਮੰਗਵਾਏ ਜਾਂਦੇ ਹਨ । ਸੋ ਸਕੂਲਾਂ, ਕਾਲਜਾਂ, ਕਲੱਬਾਂ, ਸਮਾਜ ਸੇਵੀ, ਧਾਰਮਿਕ ਅਤੇ ਸਰਕਾਰੀ ਸੰਸਥਾਵਾਂ ਨੂੰ ਬੇਨਤੀ ਹੈ ਕਿ ਸਾਡੇ ਤੋਂ ਬੀਜ ਪ੍ਰਾਪਤ ਕਰਕੇ, ਬੂਟੇ ਤਿਆਰ ਕਰੋ ਤਾਂ ਕਿ ਪੰਜਾਬ ਦੀ ਧਰਤੀ ਤੇ ਸੁਹੰਜਣੇ ਦੇ ਬੂਟਿਆਂ ਦੀ ਗਿਣਤੀ ਵੱਡੇ ਪੱਧਰ ਤੇ ਵਧ ਸਕੇ ।

**ਸੋ ਆਓ, ਸੁਹੰਜਣੇ ਦੀ ਮੁਹਿੰਮ ਜ਼ੋਰਦਾਰ ਤਰੀਕੇ ਨਾਲ ਚਲਾਈਏ ।**

**ਤੰਦਰੁਸਤ ਸਿਹਤ ਦਾ ਰਾਜ਼**

# ਸਰ੍ਹੋਂ ਦਾ ਕਨੋਲਾ ਤੇਲ



ਸੰਜੁਲਾ ਸ਼ਰਮਾ ਅਤੇ ਸੁਰਿੰਦਰ ਸੰਧੂ, ਪਲਾਂਟ ਬਰੀਡਿੰਗ ਅਤੇ ਜੈਨਟਿਕਸ ਵਿਭਾਗ, ਪੀ ਏ ਯੂ, ਲੁਧਿਆਣਾ

**ਪੌਸ਼ਟਿਕ ਤੰਦਰੁਸਤ ਤੇਲ ਦੀ ਪਛਾਣ ਕਰਨ ਲਈ ਇਹੀ ਇੱਕ ਕਾਰਨ ਨਹੀਂ ਹੈ ਪਰ ਖਾਣਾ ਪਕਾਉਣ ਦੇ ਬਾਦ ਇਸ ਦੀ ਸਥਿਰਤਾ ਵੀ ਇੱਕ ਮਹੱਤਵਪੂਰਨ ਵਿਚਾਰ ਹੈ। ਭਾਰਤੀ ਸ਼ੈਲੀ ਦਾ ਖਾਣਾ ਪਕਾਉਣ ਦਾ ਤਾਪਮਾਨ ਮੁਕਾਬਲਣ ਉੱਚਾ ਹੈ। ਇਸ ਲਈ ਜ਼ਰੂਰੀ ਹੈ ਕਿ ਉਹੀ ਤੇਲ ਚੁਣੀਏ ਜਿਸ ਦਾ ਆਕਸੀਕਰਨ ਆਸਾਨੀ ਨਾਲ ਨਾ ਹੋਵੇ ਅਤੇ ਉਹ ਜਲਦੀ ਖਰਾਬ ਨਾ ਹੋਵੇ। ਆਕਸੀਕਰਨ ਸਥਿਰਤਾ ਤੇਲ ਦੀ ਗੁਣਵੱਤਾ ਦਾ ਨਿਰਣਾ ਕਰਨ ਲਈ ਇਕ ਮਹੱਤਵਪੂਰਨ ਕਾਰਨ ਹੈ।**

ਸਾਰੇ ਚਰਬੀ ਅਤੇ ਤੇਲਾਂ ਵਿੱਚ ਇਕੋ ਜਿੰਨੀ ਊਰਜਾ ਹੁੰਦੀ ਹੈ, ਪ੍ਰੰਤੂ ਫੈਟੀ ਐਸਿਡ ਰਚਨਾ ਵਿੱਚ ਭਿੰਨ ਹੁੰਦੇ ਹਨ ਅਤੇ ਫੈਟੀ ਐਸਿਡ ਰਚਨਾ ਤੇ ਹੀ ਨਿਰਭਰ ਕਰਦਾ ਹੈ ਕਿ ਕੋਈ ਤੇਲ ਖਪਤ ਲਈ ਤੰਦਰੁਸਤ ਹੈ ਜਾਂ ਖਰਾਬ ਹੈ। ਫੈਟੀ ਐਸਿਡ ਦੀ ਕਿਸਮ ਅਤੇ ਅਨੁਪਾਤ, ਤੇਲ ਦੀਆਂ ਭੌਤਿਕ ਅਤੇ ਰਸਾਇਣਕ ਵਿਸ਼ੇਸ਼ਤਾਵਾਂ ਨੂੰ ਪ੍ਰਦਰਸ਼ਿਤ ਕਰਦੇ ਹਨ। ਇਸ ਲਈ ਖਾਣੇ ਦੇ ਤੇਲ ਦੀ ਸਹੀ ਚੋਣ ਬਾਰੇ ਆਮ ਲੋਕਾਂ ਨੂੰ ਵੱਖ-ਵੱਖ ਸਿਹਤ ਲਾਭਾਂ ਬਾਰੇ ਸਪੱਸ਼ਟ ਕਰਨਾ ਜ਼ਰੂਰੀ ਬਣ ਜਾਂਦਾ ਹੈ। ਇਸ ਮੰਤਵ ਲਈ, ਅਸੀਂ ਸਥਾਨਕ ਬਾਜ਼ਾਰ ਵਿੱਚ ਵੱਖ ਵੱਖ ਸਰੋਤਾਂ ਤੋਂ ਖਾਣ ਵਾਲੇ ਤੇਲ ਜਿਵੇਂ ਕਿ ਸੋਇਆਬੀਨ, ਤਿੱਲ, ਸਰ੍ਹੋਂ, ਗੋਭੀ ਸਰ੍ਹੋਂ ਕਨੋਲਾ, ਚਾਵਲ ਬ੍ਰੈਨ, ਪਾਮ ਅਤੇ ਆਲਿਵ ਤੇਲ ਦੀ ਤੁਲਨਾਤਮਕ ਫੈਟੀ ਐਸਿਡ ਜਾਂਚ ਸਾਡੇ ਸੈਕਸ਼ਨ ਦੀ ਲੈਬੋਰੇਟਰੀ ਵਿੱਚ ਮੌਜੂਦ



ਗੈਸ ਕ੍ਰੋਮੇਟੋਗ੍ਰਾਫੀ ਦੀ ਸਹੂਲਤ ਦੀ ਵਰਤੋਂ ਕਰਕੇ ਕੀਤੀ ਗਈ ਹੈ। ਇਸ ਤੋਂ ਇਲਾਵਾ ਤੁਲਨਾ ਲਈ ਪੀ. ਏ. ਯੂ ਵਲੋਂ ਤਿਆਰ PBR357-ਰਵਾਇਤੀ ਰਾਇਆ, RLC3- ਕਨੋਲਾ ਗੁਣਵੱਤਾ ਪੀਲੇ ਬੀਜਾਂ ਵਾਲੀ ਰਾਇਆ ਦੀ ਕਿਸਮ ਅਤੇ GSC7-ਕਨੋਲਾ ਗੋਭੀ ਸਰ੍ਹੋਂ ਦੀ ਕਿਸਮ ਤੋਂ ਪ੍ਰਾਪਤ ਤੇਲਾਂ ਨੂੰ ਵੀ ਸ਼ਾਮਿਲ ਕੀਤਾ ਸੀ।

ਰਵਾਇਤੀ ਰਾਇਆ ਦੇ ਤੇਲ ਵਿੱਚ ਜ਼ਿਆਦਾ ਇਰੂਸਿਕ ਐਸਿਡ (40-50%) ਦੀ ਹਾਜ਼ਰੀ ਕਾਰਨ ਦਿਲ ਦੀਆਂ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ, ਮਾੜੀ ਆਕਸੀਜਨ ਕਰਕੇ ਇਹ ਦਿਲ ਵਿੱਚ ਇਕੱਠਾ ਹੋ ਜਾਂਦਾ ਹੈ। ਤੇਲ ਕੱਢਣ ਤੋਂ ਬਾਅਦ ਬਚੀ ਹੋਈ ਖੱਲ ਦੀ ਵਰਤੋਂ ਵੀ ਅਣਚਾਹੇ ਪਦਾਰਥਾਂ (ਗੁਲੋਕੋਸਿਨੋਲੇਟ) ਜੋ ਖਲ ਨੂੰ ਕੁੜੱਤਣ ਅਤੇ ਘੱਟ ਪਾਚਕਤਾ ਪ੍ਰਦਾਨ ਕਰਦਾ ਹੈ, ਨਾਲ ਹੀ ਜਾਨਵਰਾਂ ਵਿੱਚ ਵੱਖ-2 ਬੀਮਾਰੀਆਂ ਪੈਦਾ ਕਰਦਾ ਹੈ। ਪੀ. ਏ. ਯੂ. ਦੁਆਰਾ ਖਾਣ ਵਾਲੇ ਤੇਲ ਵਿੱਚ ਇਹਨਾਂ ਜ਼ਹਿਰੀਲੇ ਪਦਾਰਥਾਂ ਨੂੰ ਘਟਾਉਣ ਲਈ ਜਤਨ ਕੀਤੇ ਗਏ ਹਨ ਜਿਸ ਨਾਲ ਕਨੋਲਾ ਜਾਂ ''00'' ਕਿਸਮਾਂ ਵਿਕਸਿਤ ਕੀਤੀਆਂ ਗਈਆਂ ਹਨ। ਪੀ. ਏ. ਯੂ. ਵਲੋਂ ਤਿਆਰ ਕੀਤੀਆਂ ਕਿਸਮਾਂ (GSC 7 ਅਤੇ RLC 3) ਦੇ ਤੇਲ ਵਿੱਚ ਇਰੂਸਿਕ ਐਸਿਡ 2% ਤੋਂ ਵੀ ਘੱਟ ਹੈ ਅਤੇ ਖਲ ਵਿੱਚ ਗੁਲੋਕੋਸਿਨੋਲੇਟ ਦੀ ਮਾਤਰਾ 30 ਮਾਈਕਰੋਮੋਲ ਪ੍ਰਤੀ ਗ੍ਰਾਮ ਤੋਂ ਘੱਟ ਹੈ। ਇਹ ਕਿਸਮਾਂ ਪੰਜਾਬ ਵਿੱਚ ਖੇਤੀ ਲਈ ਸਿਫਾਰਿਸ਼ ਕੀਤੀਆਂ ਗਈਆਂ ਹਨ ਅਤੇ ਕਿਸਾਨਾਂ ਦੁਆਰਾ ਚੰਗਾ ਹੁਲਾਰਾ ਮਿਲਿਆ ਹੈ। ਖਾਣੇ ਵਾਲੇ ਤੇਲ ਵਿੱਚ ਕਈਂ ਫੈਟੀ ਐਸਿਡ ਹੁੰਦੇ ਹਨ ਜਿਨ੍ਹਾਂ ਨੂੰ ਤਿੰਨ ਸ਼੍ਰੇਣੀਆਂ ਵਿੱਚ ਵੰਡਿਆ ਗਿਆ ਹੈ :

**ਸੈਚੂਰੇਟਿਡ ਫੈਟੀ ਐਸਿਡ** (SFA) : ਤੇਲ ਵਿੱਚ (SFA) ਦੀ ਵਧੇਰੀ ਮਾਤਰਾ ਨੂੰ ਕੈਲਸੋਟਰੋਲ ਦੇ ਪੱਧਰ ਨੂੰ ਵਧਾਉਣ ਨਾਲ ਜੋੜਿਆ ਗਿਆ ਹੈ ਜੋ ਕਿ ਦਿਲ ਦੀ ਬਿਮਾਰੀਆਂ, ਮੋਟਾਪੇ ਅਤੇ ਸ਼ੂਗਰ ਦਾ ਮਹੱਤਵਪੂਰਨ ਕਾਰਨ ਹੈ। ਵਰਲਡ ਹੈਲਥ ਆਰਗਨਾਈਜੇਸ਼ਨ (WHO) ਖਾਣ ਵਾਲੇ ਤੇਲ ਵਿੱਚ 7% ਤੋਂ ਘੱਟ SFA ਦੀ ਸਿਫਾਰਿਸ਼ ਕਰਦਾ ਹੈ ਅਤੇ ਇਸ ਲਈ, ਉੱਚ SFA ਦੇ ਤੇਲ ਨੂੰ ਨਹੀਂ ਵਰਤਣਾ ਚਾਹੀਦਾ ਹੈ। ਰਵਾਇਤੀ ਰਾਇਆ ਅਤੇ ਕਨੋਲਾ ਤੇਲਾਂ ਵਿਚ SFA ਦੀ ਮਾਤਰਾ ਦੂਜੇ ਤੇਲਾਂ ਜਿਵੇਂ ਆਲਿਵ ਤੇਲ (14.1%), ਸੋਇਆਬੀਨ (14.3-14.8), ਤਿੱਲ (14.3%), ਚਾਵਲ ਬ੍ਰੈਨ (21.3%) ਅਤੇ ਪਾਮ ਤੇਲ (45.95%) ਦੀ ਤੁਲਨਾ 7% ਤੋਂ ਘੱਟ ਪਾਈ ਗਈ ਹੈ। ਬਹੁਤ ਜ਼ਿਆਦਾ SFA ਕਰਕੇ ਪਾਮ ਤੇਲ ਨੂੰ ਖਪਤ ਲਈ ਚੰਗਾ ਨਹੀਂ ਮੰਨਿਆ ਗਿਆ ਹੈ ਅਤੇ ਇਹ ਇਕ ਦਸਤਾਵੇਜ਼ ਹੈ ਕਿ ਪਾਮ ਤੇਲ ਦੀ ਜ਼ਿਆਦਾ ਵਰਤੋਂ ਕਰਕੇ ਦਿਲ ਦੀਆਂ ਬੀਮਾਰੀਆਂ ਦਾ ਖਤਰਾ ਵੱਧ ਜਾਂਦਾ ਹੈ।

**ਮੋਨੋਅਨਸੈਚੂਰੇਟਿਡ ਫੈਟੀ ਐਸਿਡ** (MUFA) : ਫੈਟੀ ਐਸਿਡ ਦੀ ਦੂਸਰੀ ਸ਼੍ਰੇਣੀ (MUFA) (ਓਲਿਕ ਐਸਿਡ) ਹੈ। ਭਾਵੇਂ ਮਨੁੱਖੀ ਸਰੀਰ ਓਲਿਕ ਐਸਿਡ ਨੂੰ ਬਨਾਉਣ ਵਿਚ ਸਮਰੱਥ ਹੈ ਪਰ ਤੇਲ ਵਿੱਚ ਇਸ ਦੀ ਮੌਜੂਦਗੀ ਆਕਸੀਕਰਨ ਨੂੰ ਸਥਿਰਤਾ ਪ੍ਰਦਾਨ ਕਰਦੀ ਹੈ।

ਪੌਸ਼ਟਿਕ ਤੰਦਰੁਸਤ ਤੇਲ ਦੀ ਪਛਾਣ ਕਰਨ ਲਈ ਇਹੀ ਇੱਕ ਕਾਰਨ ਨਹੀਂ ਹੈ ਪਰ ਖਾਣਾ ਪਕਾਉਣ ਦੇ ਬਾਦ ਇਸ ਦੀ ਸਥਿਰਤਾ ਵੀ ਇੱਕ ਮਹੱਤਵਪੂਰਨ ਵਿਚਾਰ ਹੈ। ਭਾਰਤੀ ਸ਼ੈਲੀ ਦਾ ਖਾਣਾ ਪਕਾਉਣ ਦਾ ਤਾਪਮਾਨ ਮੁਕਾਬਲਣ ਉੱਚਾ ਹੈ। ਇਸ ਲਈ ਜ਼ਰੂਰੀ ਹੈ ਕਿ ਉਹੀ ਤੇਲ ਚੁਣੀਏ ਜਿਸ ਦਾ ਆਕਸੀਕਰਨ ਆਸਾਨੀ ਨਾਲ ਨਾ ਹੋਵੇ ਅਤੇ ਉਹ ਜਲਦੀ ਖਰਾਬ ਨਾ ਹੋਵੇ। ਆਕਸੀਕਰਨ ਸਥਿਰਤਾ ਤੇਲ ਦੀ ਗੁਣਵੱਤਾ ਦਾ ਨਿਰਣਾ ਕਰਨ ਲਈ ਇਕ ਮਹੱਤਵਪੂਰਨ ਕਾਰਨ ਹੈ।

**ਪੋਲੀਅਨਸੈਚੂਰੇਟਿਡ ਫੈਟੀ ਐਸਿਡ** (PUFA) : ਫੈਟੀ ਐਸਿਡ ਦੀ ਤੀਜੀ ਸ਼੍ਰੇਣੀ, (PUFA) ਵਿੱਚ ਓਮੇਗਾ-6 (ਲਿਨੋਲੇਨਿਕ) ਅਤੇ ਓਮੇਗਾ-3 (ਲਿਨੋਲਿਕ) ਮਨੁੱਖੀ ਸਰੀਰ ਲਈ ਜ਼ਰੂਰੀ ਫੈਟੀ ਐਸਿਡ ਦੇ ਤੌਰ ਤੇ ਸ਼ਾਮਿਲ ਕੀਤਾ ਗਿਆ ਹੈ, ਕਿਉਕਿ ਇਹ ਮਨੁੱਖੀ ਸਰੀਰ ਦੁਆਰਾ ਨਹੀਂ ਬਣਾਏ ਜਾ ਸਕਦੇ। ਇਸ ਲਈ ਇਹਨਾਂ ਨੂੰ ਖੁਰਾਕ ਤੋਂ ਪ੍ਰਾਪਤ ਕਰਨ ਦੀ ਜ਼ਰੂਰਤ ਹੁੰਦੀ ਹੈ। ਇਹ ਦੋਨੋਂ ਫੈਟੀ ਐਸਿਡ ਸਰੀਰ ਦੇ ਸਹੀ ਕੰਮ ਕਰਨ ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ ਅਤੇ ਇਹ ਛੋਟੇ ਬੱਚਿਆਂ ਦੇ ਸਰੀਰਕ ਅਤੇ ਦਿਮਾਗ ਦੇ ਵਿਕਾਸ ਲਈ ਮਹੱਤਵਪੂਰਨ ਹਨ। ਇਹ ਦੋਨੋਂ ਫੈਟੀ ਐਸਿਡ HDL ਕੋਲੈਸਟਰੋਲ (ਤੰਦਰੁਸਤ) ਨੂੰ ਵਧਾਉਂਦੇ ਹਨ ਅਤੇ LDL ਕੋਲੈਸਟਰੋਲ (ਗੈਰ-ਤੰਦਰੁਸਤ) ਪੱਧਰ ਨੂੰ ਘਟਾਉਂਦੇ ਹਨ। (PUFA) ਓਮੇਗਾ-3 ਦੀ ਮੌਜੂਦਗੀ ਤੇਲ ਦੀ ਗੁਣਵੱਤਾ ਘਟਾਉਂਦੀ ਹੈ ਅਤੇ ਇਸ ਲਈ ਤੇਲ ਵਿੱਚ ਇਸ ਦੀ ਜ਼ਿਆਦਾ ਮਾਤਰਾ ਫਾਇਦੇਮੰਦ ਨਹੀਂ ਹੁੰਦੀ ਹੈ। ਦੋਹਾਂ ਓਮੇਗਾ ਫੈਟੀ ਐਸਿਡ ਵਿਚਕਾਰ ਸਹੀ ਸੰਤੁਲਨ (5-10:1) ਨੂੰ ਪੌਸ਼ਟਿਕ ਅਤੇ ਮਹੱਤਵਪੂਰਨ ਮੰਨਿਆ ਜਾਂਦਾ ਹੈ। ਇਹ ਮੰਨਿਆ ਗਿਆ ਹੈ ਕਿ <5 ਓਮੇਗਾ-6 : ਓਮੇਗਾ-3 ਅਨੁਪਾਤ ਦਾ ਵੀ ਸਿਹਤ ਦੇ ਉੱਤੇ ਕੋਈ ਹਾਨੀਕਾਰਕ ਪ੍ਰਭਾਵ ਨਹੀਂ ਹੈ। ਹੋਰ ਤੇਲਾਂ ਵਿੱਚ ਓਮੇਗਾ-3 ਫੈਟੀ ਐਸਿਡ ਦੀ ਮਾਤਰਾ ਦੇ ਘੱਟ ਹੋਣ ਕਾਰਨ ਓਮੇਗਾ-6 : ਓਮੇਗਾ-3 ਦਾ ਅਨੁਪਾਤ ਸੋਇਆਬੀਨ ਤੇਲ (10.2 ਤੋਂ 12.8), ਤਿੱਲ ਦਾ ਤੇਲ (11.6), ਚਾਵਲ ਬ੍ਰੈਨ ਤੇਲ (86.7) ਅਤੇ ਪਾਮ ਤੇਲ (20.2) ਵਿੱਚ ਵੱਧ ਜਾਂਦਾ ਹੈ, ਅਜਿਹਾ ਤੇਲ ਲੰਮੇ ਸਮੇਂ ਲਈ ਗ੍ਰਹਿਣ ਕਰਨਾ ਅਤੇ ਦੂਜੇ ਸਰੋਤਾਂ ਤੋਂ ਓਮੇਗਾ-3 ਦੀ ਪ੍ਰਾਪਤੀ ਤੋਂ ਬਿਨਾਂ ਬੀਮਾਰੀਆਂ ਵਧਾਉਂਦਾ ਹੈ।

ਇਸ ਲਈ ਫੈਟੀ ਐਸਿਡ ਦੀ ਰਚਨਾ ਦੇ ਆਧਾਰ ਤੇ ਚੰਗੇ ਤੇਲ ਦੀ ਚੋਣ ਕਰਨ ਲਈ ਤਿੰਨ ਮਹੱਤਵਪੂਰਨ ਮਾਪਦੰਡ ਹਨ ਜੋ ਹੇਠ ਲਿਖੇ ਹਨ :

★ ਘੱਟ ਸੈਚੂਰੇਟਿਡ ਫੈਟੀ ਐਸਿਡ (<7%)

★ ਵੱਧ ਮੋਨੋਅਨਸੈਚੂਰੇਟਿਡ ਫੈਟੀ ਐਸਿਡ

★ ਓਮੇਗਾ-6 : ਓਮੇਗਾ-3 ਦਾ ਸੰਤੁਲਿਤ ਅਨੁਪਾਤ (5.10:1)

ਜਾਂਚ ਕੀਤੇ ਗਏ ਖਾਣੇ ਵਾਲੇ ਤੇਲਾਂ ਵਿਚੋਂ ਆਮ ਸਰ੍ਹੋਂ ਦੇ ਤੇਲ ਨੂੰ ਸਭ ਤੋਂ ਵਧੀਆ ਮੰਨਿਆ ਗਿਆ ਹੈ ਕਿਉਕਿ ਇਹ ਖੁਰਾਕ ਦੀਆਂ ਸਿਫਾਰਿਸ਼ਾਂ ਲਈ ਚੰਗੀ ਤਰ੍ਹਾਂ ਢੁੱਕਵਾਂ ਹੈ ਪ੍ਰੰਤੂ, ਇਸ ਵਿੱਚ ਉੱਚ ਪੱਧਰ ਦਾ ਇਰੂਸਿਕ ਐਸਿਡ (44-52%) ਹੁੰਦਾ ਹੈ ਜੋ ਸਿਹਤ ਲਈ ਗੰਭੀਰ ਖਤਰਾ ਪੈਦਾ ਕਰਦਾ ਹੈ। PAU ਵਲੋਂ ਤਿਆਰ ਕੀਤੀਆਂ ਕਿਸਮਾਂ ਵਿੱਚ ਉਹ ਸਾਰੇ ਖੁਰਾਕੀ ਗੁਣ ਪਾਏ ਗਏ ਹਨ, ਜਿਹੜੇ ਕਿਸੇ ਪੌਸ਼ਟਿਕ ਤੇਲ ਵਿੱਚ ਹੋਣੇ ਚਾਹੀਦੇ ਹਨ, ਜਿਵੇਂ ਕਿ ਜ਼ਿਆਦਾ MUFA (GSC-7 ਵਿੱਚ 67.6% ਅਤੇ RLC-3 ਵਿੱਚ 40.4%), PUFA ਦੇ ਚੰਗੇ ਸਰੋਤ (GSC-7 ਵਿੱਚ 24.9% ਅਤੇ RLC-3 ਵਿੱਚ 52.1%) ਅਤੇ ਸੰਤੁਲਿਤ ਓਮੇਗਾ-6 : ਓਮੇਗਾ-3 (GSC-7 ਵਿੱਚ 1.9 ਅਤੇ RLC-3 ਵਿੱਚ 2.6)। ਇਹਨਾਂ ਦੋਨਾਂ ਕਿਸਮਾਂ ਵਿੱਚ ਇਰੂਸਿਕ ਐਸਿਡ ਦੀ ਮਾਤਰਾ ਨਾਂ ਦੇ ਬਰਾਬਰ ਹੁੰਦੀ ਹੈ ਇਹ ਸਾਰੇ ਤੱਤ ਇਸ ਗੱਲ ਦਾ ਵਿਸ਼ਵਾਸ ਦਿਵਾਉਂਦੇ ਹਨ ਕਿ ਕਨੋਲਾ ਕੁਆਲਿਟੀ ਸਰ੍ਹੋਂ ਦਾ ਤੇਲ ਖਾਣ ਵਿੱਚ ਸਭ ਤੋਂ ਜ਼ਿਆਦਾ ਪੌਸ਼ਟਿਕ ਹੈ।



# ਕਣਕ ਦੀ ਬਿਜਾਈ ਨੂੰ ਪ੍ਰਭਾਵਿਤ ਕਰੇਗੀ ਡੀ. ਏ. ਪੀ. ਦੀ ਘਾਟ !

*ਪੰਜਾਬ 'ਚ ਡਾਇਆਮੋਨੀਅਮ ਫਾਸਫੇਟ (ਡੀ ਏ ਪੀ) ਦੀ ਜ਼ਬਰਦਸਤ ਕਿੱਲਤ ਮਹਿਸੂਸ ਕੀਤੀ ਜਾ ਰਹੀ ਹੈ। ਵੱਡੇ ਤੇ ਖੁਸ਼ਹਾਲ ਕਿਸਾਨ ਆਪਣੀ ਲੋੜ ਨੂੰ ਪੂਰਾ ਕਰਨ ਲਈ ਹੁਣੇ ਤੋਂ ਹੀ ਡੀ ਏ ਪੀ ਮੰਡੀ ਚੋਂ ਖਰੀਦਣ ਲਈ ਭੱਜ ਦੌੜ ਕਰ ਰਹੇ ਹਨ। ਪ੍ਰੰਤੂ ਉਹਨਾਂ ਵਿੱਚੋਂ ਵੀ ਬਹੁਤਿਆਂ ਨੂੰ ਇਹ ਉਪਲੱਬਧ ਨਹੀਂ ਹੋ ਰਿਹਾ। ਪਿੱਛੇ ਜਿਹੇ ਜੋ ਕਈਂ ਥਾਵਾਂ ਤੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਡੀ ਏ ਪੀ ਦੇ ਨਮੂਨੇ ਭਰਨ ਉਪਰੰਤ ਫੇਲ੍ਹ ਹੋ ਗਏ ਅਤੇ ਕੰਪਨੀਆਂ ਨੂੰ ਉਹਨਾਂ ਵੱਲੋਂ ਸਪਲਾਈ ਕੀਤਾ ਗਿਆ ਅਣਵਿਕਿਆ ਡੀ ਏ ਪੀ ਵਾਪਸ ਚੁੱਕਣ ਲਈ ਕਹਿ ਦਿੱਤਾ ਗਿਆ ਸੀ ਅਤੇ ਦੋ ਕੰਪਨੀਆਂ ਦੇ ਲਾਇਸੈਂਸ ਰੱਦ ਕਰ ਦਿੱਤੇ ਗਏ, ਉਸ ਨਾਲ ਹੋਰ ਥੁੜ੍ਹ ਹੋ ਗਈ। ਕਣਕ ਦੀ ਬਿਜਾਈ 35 ਲੱਖ ਹੈਕਟੇਅਰ ਤੋਂ ਵੱਧ ਰਕਬੇ ਤੇ ਕੀਤੀ ਜਾਣੀ ਹੈ।*



**ਭਗਵਾਨ ਦਾਸ**

ਕਣਕ ਤੇ ਆਲੂਆਂ ਦੀ ਬਿਜਾਈ ਅਕਤੂਬਰ 'ਚ ਸ਼ੁਰੂ ਹੋਣੀ ਹੈ। ਪੰਜਾਬ 'ਚ ਡਾਇਆਮੋਨੀਅਮ ਫਾਸਫੇਟ (ਡੀ ਏ ਪੀ) ਦੀ ਜ਼ਬਰਦਸਤ ਕਿੱਲਤ ਮਹਿਸੂਸ ਕੀਤੀ ਜਾ ਰਹੀ ਹੈ। ਵੱਡੇ ਤੇ ਖੁਸ਼ਹਾਲ ਕਿਸਾਨ ਆਪਣੀ ਲੋੜ ਨੂੰ ਪੂਰਾ ਕਰਨ ਲਈ ਹੁਣੇ ਤੋਂ ਹੀ ਡੀ ਏ ਪੀ ਮੰਡੀ ਚੋਂ ਖਰੀਦਣ ਲਈ ਭੱਜ ਦੌੜ ਕਰ ਰਹੇ ਹਨ। ਪ੍ਰੰਤੂ ਉਹਨਾਂ ਵਿੱਚੋਂ ਵੀ ਬਹੁਤਿਆਂ ਨੂੰ ਇਹ ਉਪਲੱਬਧ ਨਹੀਂ ਹੋ ਰਿਹਾ। ਪਿੱਛੇ ਜਿਹੇ ਜੋ ਕਈਂ ਥਾਵਾਂ ਤੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਡੀ ਏ ਪੀ ਦੇ ਨਮੂਨੇ ਭਰਨ ਉਪਰੰਤ ਫੇਲ੍ਹ ਹੋ ਗਏ ਅਤੇ ਕੰਪਨੀਆਂ ਨੂੰ ਉਹਨਾਂ ਵੱਲੋਂ ਸਪਲਾਈ ਕੀਤਾ ਗਿਆ ਅਣਵਿਕਿਆ ਡੀ ਏ ਪੀ ਵਾਪਸ ਚੁੱਕਣ ਲਈ ਕਹਿ ਦਿੱਤਾ ਗਿਆ ਸੀ ਅਤੇ ਦੋ ਕੰਪਨੀਆਂ ਦੇ ਲਾਇਸੈਂਸ ਰੱਦ ਕਰ ਦਿੱਤੇ ਗਏ, ਉਸ ਨਾਲ ਹੋਰ ਥੁੜ੍ਹ ਹੋ ਗਈ। ਕਣਕ ਦੀ ਬਿਜਾਈ 35 ਲੱਖ ਹੈਕਟੇਅਰ ਤੋਂ ਵੱਧ ਰਕਬੇ ਤੇ ਕੀਤੀ ਜਾਣੀ ਹੈ। ਭਾਵੇਂ ਪੰਜਾਬ ਐਗਰੀ-ਕਲਚਰਲ ਯੂਨੀਵਰਸਿਟੀ (ਪੀ ਏ ਯੂ) 55 ਕਿੱਲੋ (ਇੱਕ ਥੈਲਾ ਤੇ 5 ਕਿੱਲੋ) ਪ੍ਰਤੀ ਏਕੜ ਡੀ ਏ ਪੀ ਕਣਕ ਬੀਜਣ ਵੇਲੇ ਪਾਉਣ ਦੀ ਸਿਫਾਰਸ਼ ਕਰਦੀ ਹੈ ਪ੍ਰੰਤੂ ਕਿਸਾਨ ਆਮ ਤਿੰਨ - ਤਿੰਨ, ਚਾਰ - ਚਾਰ ਥੈਲੇ ਪਾਈ ਜਾ ਰਹੇ ਹਨ। ਜਿਸ ਕਾਰਨ ਸਰਕਾਰ ਵੱਲੋਂ ਅਨੁਮਾਨੀ ਗਈ ਡੀ ਏ ਪੀ ਦੀ ਖਪਤ 'ਚ ਹੋਰ ਇਜ਼ਾਫਾ ਹੋ ਜਾਂਦਾ ਹੈ ਅਤੇ ਆਏ ਸਾਲ ਇਸ ਖਾਦ ਦੀ ਥੁੜ੍ਹ ਦੀ ਹਾ ਹਾਕਾਰ ਮੱਚਦੀ ਹੈ। ਰਾਜ 'ਚ 5.5 ਲੱਖ ਮੀਟ੍ਰੀਕ ਟਨ ਡੀ ਏ ਪੀ ਰਬੀ ਦੀਆਂ ਫ਼ਸਲਾਂ ਲਈ ਲੋੜੀਂਦਾ ਹੈ। ਹੁਣ ਤੱਕ ਤਾਂ ਉਪਲੱਬਧਤਾ ਬੜੀ ਘੱਟ ਹੈ। ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਦੇ ਡਾਇਰੈਕਟਰ ਡਾ. ਜਸਵੰਤ ਸਿੰਘ ਕਹਿੰਦੇ ਹਨ ਕਿ ਡੀ ਏ ਪੀ ਦੀ ਕੋਈ ਥੋੜ੍ਹ ਨਹੀਂ ਅਤੇ ਨਾ ਹੀ ਹੋਣ ਦਿੱਤੀ ਜਾਵੇਗੀ, ਮਤਵਾਤਰ ਰੇਕ ਆ ਰਹੇ ਹਨ। ਐਗਰੋ ਇਨਪੁਟਸ ਡੀਲਰਜ਼ ਐਸੋਸੀਏਸ਼ਨ ਦੇ ਸਕੱਤਰ ਧਰਮ ਬਾਂਸਲ ਅਨੁਸਾਰ ਆਮ ਡੀਲਰਾਂ ਕੋਲ ਮੰਡੀ 'ਚ ਡੀ ਏ ਪੀ ਦੀ ਉਪਲੱਬਧਤਾ ਹੀ ਨਹੀਂ। ਕੰਸੋਰਟੀਅਮ ਆਫ ਇੰਡੀਅਨ ਫਾਰਮਰਜ਼ ਐਸੋਸੀਏਸ਼ਨਜ਼ ਦੇ ਪ੍ਰਧਾਨ ਸਤਨਾਮ ਸਿੰਘ ਬਹਿਰੂ ਅਨੁਸਾਰ ਡੀ ਏ ਪੀ ਦੀ ਸਪਲਾਈ ਦਾ ਹਾੜੀ 'ਚ ਗੰਭੀਰ ਸੰਕਟ ਹੋਣ ਦਾ ਅੰਦੇਸ਼ਾ ਹੈ। ਇਸ ਦੀ ਸਹਿਕਾਰੀ ਸੁਸਾਇਟੀਆਂ ਕੋਲ ਵੀ ਜ਼ਬਰਦਸਤ ਥੁੜ੍ਹ ਹੈ।

ਮੁੱਖ ਮੰਤਰੀ ਨੇ ਕੇਂਦਰ ਦੇ ਫਰਟੀਲਾਈਜ਼ਰਜ਼ ਮੰਤਰੀ ਜਗਤ ਪ੍ਰਕਾਸ਼ ਨੱਡਾ ਨੂੰ ਪੱਤਰ ਲਿਖਿਆ ਹੈ ਕਿ ਪੰਜਾਬ ਕੇਂਦਰੀ ਕਣਕ ਭੰਡਾਰ 'ਚ 31 ਪ੍ਰਤੀਸ਼ਤ ਤੱਕ ਕਣਕ ਸਪਲਾਈ ਕਰਦਾ ਹੈ। ਇਸ ਦੇ ਯੋਗਦਾਨ ਨੂੰ ਮੁੱਖ ਰੱਖਦੇ ਹੋਏ 5.50 ਲੱਖ ਮੀਟ੍ਰਿਕ ਟਨ ਡੀ ਏ ਪੀ ਰਾਜ 'ਚ ਸਪਲਾਈ ਕੀਤਾ ਜਾਵੇ। ਇਸ ਵੇਲੇ 5.1 ਲੱਖ ਮੀਟ੍ਰਿਕ ਟਨ ਡੀ ਏ ਪੀ ਲੋੜ ਨਾਲੋਂ ਘੱਟ ਹੈ। ਇਸ ਉਪਰੰਤ ਐਡੀਸ਼ਨਲ ਮੁੱਖ ਸਕੱਤਰ ਤੇ ਵਿਤ ਕਮਿਸ਼ਨਰ (ਖੇਤੀਬਾੜੀ) ਪੰਜਾਬ ਕਿਲਾਰੀ ਆਨੰਦ ਪਾਲ ਸਿਨਹਾ ਨੇ ਵੀ ਦਿੱਲੀ ਜਾ ਕੇ ਖਾਦ ਮੰਤਰਾਲਿਆ ਵਿੱਚ ਮੰਤਰੀ ਤੇ ਹੋਰ ਅਧਿਕਾਰੀਆਂ ਤੇ ਡੀ ਏ ਪੀ ਦੀ ਸਪਲਾਈ ਤੁਰੰਤ ਹਾੜ੍ਹੀ ਦੀ ਬਿਜਾਈ ਤੋਂ ਪਹਿਲਾਂ ਕਰਨ ਲਈ ਜ਼ੋਰ ਪਾਇਆ ਅਤੇ ਇਸ ਅਹਿਮ ਮਾਮਲੇ ਦੀ ਮਹੱਤਤਾ ਦਰਸਾਈ। ਡੀ ਏ ਪੀ ਅਹਿਮ ਖਾਦ ਹੈ ਜੋ ਕਣਕ ਲਈ ਲੋੜੀਂਦਾ ਹੈ। ਇਸ ਦੀ ਵਰਤੋਂ ਤੋਂ ਬਿਨਾ ਕਣਕ ਦੀ ਉਤਪਾਦਕਤਾ ਪ੍ਰਭਾਵਤ ਹੁੰਦੀ ਹੈ। ਕੇਂਦਰ ਵੱਲੋਂ ਇਸ ਦੇ ਬਦਲ ਅਕਿਹਰਾ ਸੁਪਰਫਾਸਫੇਟ, ਐਨ ਪੀ ਕੇ 12:32:16, 16:16:16, ਅਤੇ 20:20:11 ਆਦਿ ਵਰਤੇ ਜਾਣ ਲਈ ਕਿਹਾ ਜਾ ਰਿਹਾ ਹੈ। ਪਰ ਇਹ ਬਦਲ ਕਿਸਾਨਾਂ ਦੀ ਪਸੰਦ ਨਹੀਂ ਕਿਉਂਕਿ ਇਹ ਬਦਲ ਬਹੁਤ ਘੱਟ ਕਿਸਾਨਾਂ ਨੇ ਵਰਤੇ ਹਨ ਜਿਨ੍ਹਾਂ ਅਨੁਸਾਰ ਇਸ ਦੇ ਨਤੀਜੇ ਡੀ ਏ ਪੀ ਦੇ ਮੁਕਾਬਲੇ ਝਾੜ ਪੱਖੋਂ ਨਹੀਂ ਆਉਂਦੇ। ਨੈਨੋ ਡੀਏਪੀ, ਜੋ ਇੰਡੀਅਨ ਫਾਰਮਰਜ਼ ਫਰਟੀਲਾਇਜ਼ਰਜ਼ ਕੋਅਰਪਰੇਟਿੱਵ (ਇਫਕੋ) ਵੱਲੋਂ ਪਿਛਲੇ ਸਾਲ ਹੀ ਮੰਡੀ 'ਚ ਲਿਆਂਦਾ ਗਿਆ ਹੈ, ਪੰਜਾਬ ਦੇ ਕਿਸਾਨਾਂ ਨੇ ਇਸ ਨੂੰ ਵਰਤਣ ਤੋਂ ਉੱਕਾ ਹੀ ਗੁਰੇਜ਼ ਕੀਤਾ ਹੈ। ਐਗਰੋ ਇਨਪੁਟਸ ਡੀਲਰਜ਼ ਦੇ ਧਰਮ ਬਾਂਸਲ ਦਾ ਕਹਿਣਾ ਹੈ ਕਿ ਨੈਨੋ ਡੀਏਪੀ ਦੀ ਕੋਈ ਖਾਸ ਮਿਕਦਾਰ ਵੀ ਪੰਜਾਬ 'ਚ ਆ ਕੇ ਅਜੇ ਤੱਕ ਨਹੀਂ ਵਿਕੀ। ਪੀ ਏ ਯੂ ਵੱਲੋਂ ਕੀਤੀਆਂ ਗਈਆਂ ਅਜ਼ਮਾਇਸ਼ਾਂ ਤੇ ਤਜਰਬੇ ਵੀ ਦਰਸਾਉਂਦੇ ਹਨ ਕਿ ਡੀ ਏ ਪੀ ਦੀ ਥਾਂ ਨੈਨੋ ਡੀਏਪੀ ਵਰਤਿਆਂ ਉਤਪਾਦਕਤਾ 'ਚ ਕਮੀ ਆਉਂਦੀ ਹੈ। ਭਾਰਤ ਸਰਕਾਰ ਅਨੁਸਾਰ ਨੈਨੋ ਡੀਏਪੀ ਫਿਲਹਾਲ ਡੀ ਏ ਪੀ ਦੇ 25 ਪ੍ਰਤੀਸ਼ਤ ਤੱਕ ਹੀ ਵਰਤਿਆ ਜਾਵੇ ਪਰ ਪੰਜਾਬ ਦੇ ਕਿਸਾਨਾਂ ਨੇ ਇਸ ਲਈ ਵੀ ਹੁੰਗਾਰਾ ਨਹੀਂ ਭਰਿਆ। ਬਹਿਰੇਹਾਲ ਨੈਨੋ ਡੀਏਪੀ ਜਾਂ ਹੋਰ ਕੋਈ ਵੀ ਇਸ ਦਾ ਬਦਲ ਕਿਸਾਨ ਆਗੂਆਂ ਅਨੁਸਾਰ ਝਾੜ ਪੱਖੋਂ ਡੀ ਏ ਪੀ ਦਾ ਮੁਕਾਬਲਾ ਨਹੀਂ ਕਰਦਾ।

ਅੰਤਰ -ਰਾਸ਼ਟਰੀ ਪੱਧਰ ਤੇ ਵੀ ਡੀ ਏ ਪੀ ਦੀ ਉਪਲੱਬਧਤਾ ਸੰਬੰਧੀ ਹਾਲਤ ਚੰਗੀ ਨਹੀਂ। ਮੰਡੀ 'ਚ ਡੀ ਏ ਪੀ ਦੀਆਂ ਕੀਮਤਾਂ ਵੱਧ ਚੁੱਕੀਆਂ ਹਨ। ਕੰਪਨੀਆਂ ਨੂੰ ਪ੍ਰਤੀ ਥੈਲਾ ਡੀ ਏ ਪੀ ਜੋ 1350 ਰੁਪਏ ਦੇ ਮਿੱਥੇ ਹੋਏ ਰੇਟ ਤੇ ਦਿੱਤਾ ਜਾ ਰਿਹੈ, ਉਸ ਨਾਲੋਂ ਵੱਧ ਕੀਮਤ ਤੇ ਪੈਂਦਾ ਹੈ। ਭਾਵੇਂ ਸਾਰਾ ਡੀ ਏ ਪੀ ਜੋ ਵਰਤਿਆ ਜਾਂਦਾ ਹੈ ਕੰਪਨੀਆਂ ਵੱਲੋਂ ਹੀ ਨਹੀਂ ਬਣਾਇਆ ਜਾਂਦਾ ਹੈ। ਇਸ ਦਾ ਵੱਡਾ ਹਿੱਸਾ ਦਰਾਮਦ ਕੀਤਾ ਜਾਂਦਾ ਹੈ। ਕੰਪਨੀਆਂ ਇਸ ਘਾਟੇ ਨੂੰ ਪੂਰਾ ਕਰਨ ਲਈ ਡੀਲਰਾਂ ਨੂੰ ਡੀ ਏ ਪੀ ਦੇ ਨਾਲ ਇਸ ਦੇ ਐਨ ਪੀ ਕੇ ਬਦਲ ਤੇ ਹੋਰ ਦਵਾਈਆਂ, ਵਸਤੂਆਂ ਆਦਿ ਲੈਣ ਲਈ ਮਜ਼ਬੂਰ ਕਰਦੀਆਂ ਹਨ ਅਤੇ ਜ਼ਬਰਦਸਤੀ ਦੇਂਦੀਆਂ ਹਨ। ਡੀਲਰ ਇਸੇ ਤਰ੍ਹਾਂ ਕਿਸਾਨਾਂ ਨੂੰ ਡੀ ਏ ਪੀ ਦੇਣ ਵੇਲੇ ਦੂਜੇ ਬਦਲ ਜਾਂ ਦਵਾਈਆਂ ਆਦਿ ਚੁੱਕਣ ਨੂੰ ਕਹਿੰਦੇ ਹਨ। ਇਸ ਦੀ ਕਿਸਾਨਾਂ ਵੱਲੋਂ ਵਿਰੋਧਤਾ ਕੀਤੀ ਜਾਂਦੀ ਹੈ। ਹੁਣ ਤਾਂ ਕੋਆਪ੍ਰੇਟਿਵ ਸੁਸਾਇਟੀਆਂ ਵੀ ਕਿਸਾਨਾਂ ਨੂੰ ਇਹ ਬਦਲ ਦੇਣ ਲਈ ਮਜਬੂਰ ਹੋ ਗਈਆਂ ਹਨ ਕਿਉਂਕਿ ਮਾਰਕਫੈਡ ਵੱਲੋਂ ਕੇਂਦਰ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਉਨ੍ਹਾਂ ਨੂੰ ਅਜਿਹਾ ਕਰਨ ਲਈ ਕਿਹਾ ਗਿਆ ਹੈ। ਕਿਸਾਨ ਜੋ ਅਗੇ ਹੀ ਕਰਜ਼ਈ ਹਨ ਅਤੇ ਵਧ ਰਹੇ ਖੇਤੀ ਖਰਚੇ ਕਰਨ ਲਈ ਮਜਬੂਰ ਹਨ ਉਹ ਇਹਨਾਂ ਚੀਜ਼ਾਂ ਤੇ ਫਾਲਤੂ ਦਾ ਖਰਚਾ ਦਵਾਈਆਂ ਆਦਿ ਜਾਂ ਡੀ ਏ ਪੀ ਦੇ ਬਦਲਾਂ ਨੂੰ ਖਰੀਦਣ ਤੇ ਕਰਨਾ ਬਰਦਾਸ਼ਤ ਨਹੀਂ ਕਰ ਸਕਦੇ।

ਜੇ ਡੀ ਏ ਪੀ ਦੀ ਕਮੀ ਤੇ ਕਾਬੂ ਨਾ ਪਾਇਆ ਗਿਆ ਅਤੇ ਕੇਂਦਰ ਵੱਲੋਂ ਪੰਜਾਬ ਸਰਕਾਰ ਵੱਲੋਂ ਕੀਤੀ ਗਈ ਮੰਗ ਨੂੰ ਪੂਰਾ ਨਾ ਕੀਤਾ ਗਿਆ ਤਾਂ ਇਸ ਨਾਲ ਕਣਕ ਦੀ ਬਿਜਾਈ ਪ੍ਰਭਾਵਤ ਹੋਵੇਗੀ। ਖੇਤੀ ਵਿਭਿੰਨਤਾ ਪਛੜ ਜਾਏਗੀ। ਕਿਸਾਨਾਂ ਦੀ ਆਰਥਿਕ ਹਾਲਤ ਹੋਰ ਖਰਾਬ ਹੋਵੇਗੀ ਅਤੇ ਮੁਲਕ ਨੂੰ ਕਣਕ ਦੀ ਸਪਲਾਈ ਘਟੇਗੀ। ਪੰਜਾਬ ਦਾ ਭਾਰਤ ਦਾ ਅਨਾਜ ਖੇਤਰ 'ਚ ਪਾਏ ਗਏ ਯੋਗਦਾਨ ਨੂੰ ਮੁੱਖ ਰੱਖਦੇ ਹੋਏ ਕੇਂਦਰ ਨੂੰ ਤੁਰੰਤ ਡੀ ਏ ਪੀ ਦੀ ਸਪਲਾਈ ਕਰਨੀ ਚਾਹੀਦੀ ਹੈ ਤਾਂ ਜੋ ਹਰ ਕਿਸਾਨ ਆਪਣੀ ਕਣਕ ਦੀ ਬਿਜਾਈ ਕਰ ਸਕੇ। ਕਣਕ ਦੀ ਕਾਸ਼ਤ ਅਧੀਨ ਕੁੱਲ ਮੁਕੱਮਲ ਰਕਬੇ ਤੇ ਡੀ ਏ ਪੀ ਖਾਦ ਦਾ ਪ੍ਰਯੋਗ ਕੀਤਾ ਜਾਂਦਾ ਹੈ।

ਆਲੂ ਉਤਪਾਦਕ ਜੋ ਏਕੜ 'ਚ ਪੰਜ - ਪੰਜ ਥੈਲਿਆਂ ਤੱਕ ਡੀ ਏ ਪੀ ਪਾ ਰਹੇ ਹਨ ਡੀ ਏ ਪੀ ਨੂੰ ਹੁਣੇ ਤੋਂ ਹਰਿਆਣਾ ਤੋਂ ਵੀ ਲਿਆ ਰਹੇ ਹਨ। ਹਰਿਆਣਾ 'ਚ ਵਿਧਾਨ ਸਭਾ ਚੋਣਾਂ ਕਾਰਨ ਕੇਂਦਰ ਡੀ ਏ ਪੀ ਦੀ ਖੁਲ੍ਹੀ ਸਪਲਾਈ ਕਰ ਰਿਹਾ ਹੈ। ਹਰਿਆਣਾ ਦੇ ਅਗ੍ਹਾਂਵਧੂ ਕਿਸਾਨ ਪ੍ਰਕਾਸ਼ ਸਿੰਘ ਬੱਚਕੀ ਜੋ ਇੱਕ ਵੱਡੇ ਰਕਬੇ ਤੇ ਆਲੂ ਤੇ ਕਣਕ ਬੀਜਦਾ ਹੈ ਨੇ ਦੱਸਿਆ ਕਿ ਉਸ ਨੇ ਆਪਣੀ ਲੋੜ ਅਨੁਸਾਰ ਹੁਣੇ ਤੋਂ ਡੀ ਏ ਪੀ ਖਾਦ ਖਰੀਦ ਕੇ ਰੱਖ ਲਿਆ। ਕ੍ਰਿਸ਼ਨਾ ਪੈਸਟੀਸਾਈਡਜ਼ ਸਮਾਣਾ ਦੇ ਵੱਡੇ ਡੀਲਰ ਕੇਵਲ ਕ੍ਰਿਸ਼ਨ ਅਨੁਸਾਰ ਵੀ ਹਰਿਆਣਾ 'ਚ ਡੀ ਏ ਪੀ ਖੁੱਲ੍ਹੀ ਮਿਕਦਾਰ 'ਚ ਆ ਰਿਹਾ ਹੈ ਅਤੇ ਕਿਸਾਨਾਂ ਨੂੰ ਲੋੜ ਅਨੁਸਾਰ ਉਪਲੱਬਧ ਹੈ ਅਤੇ ਪੰਜਾਬ ਦੇ ਸਰਹੱਦੀ ਜ਼ਿਲ੍ਹਿਆਂ 'ਚ ਹਰਿਆਣਾ ਤੋਂ ਇਸ ਦੀ ਆਮਦ ਹੋ ਰਹੀ ਹੈ। ਜਿਸ ਕਾਰਨ ਸਰਹੱਦੀ ਇਲਾਕਿਆਂ 'ਚ ਡੀ ਏ ਪੀ ਦੀ ਪੰਜਾਬ ਦੇ ਦੂਜੇ ਜ਼ਿਲ੍ਹਿਆਂ ਨਾਲੋਂ ਘੱਟ ਕਿੱਲਤ ਦਰਪੇਸ਼ ਹੈ।

# ਪੀ.ਏ.ਯੂ. ਐਲੂਮਿਨੀ ਐਸੋਸੀਏਸ਼ਨ ਪਟਿਆਲਾ ਵੱਲੋਂ ਖੇਤੀਬਾੜੀ ਜਾਗਰੂਕਤਾ ਕੈਂਪ ਲਗਾਇਆ

ਪੀ. ਏ. ਯੂ. ਐਲੂਮਿਨੀ ਐਸੋਸੀਏਸ਼ਨ ਪਟਿਆਲਾ ਵੱਲੋਂ ਪਿੰਡ ਮਾਜਰੀ ਅਕਾਲੀਆਂ, ਜ਼ਿਲ੍ਹਾ ਪਟਿਆਲਾ ਵਿਖੇ ਖੇਤੀਬਾੜੀ / ਬਾਗਬਾਨੀ ਜਾਗਰੂਕਤਾ ਕੈਂਪ ਲਗਾਇਆ ਗਿਆ । ਇਸ ਕੈਂਪ ਵਿਚ ਡਾ. ਅੱਲਾ ਰੰਗ ਪ੍ਰਧਾਨ ਨੇ ਫੁੱਲਾਂ ਦਾ ਬੀਜ ਤਿਆਰ ਕਰਨ ਬਾਰੇ ਪ੍ਰੇਰਿਤ ਕੀਤਾ । ਉਨ੍ਹਾਂ ਦੱਸਿਆ ਕਿ ਫੁੱਲਾਂ ਦਾ ਬੀਜ ਤਿਆਰ ਕਰਨ ਨਾਲ ਕਣਕ ਤੋਂ ਪ੍ਰਤੀ ਏਕੜ ਦੁੱਗਣੀ-ਤਿੱਗਣੀ ਆਮਦਨ ਪ੍ਰਾਪਤ ਕੀਤੀ ਜਾ ਸਕਦੀ ਹੈ । ਡਾ. ਪਵਨ ਸ਼ਰਮਾ ਜਨਰਲ ਸੈਕਟਰੀ ਨੇ ਖੇਤੀਬਾੜੀ ਵਿੱਚ ਵਿਭਿੰਨਤਾ ਲਿਆਉਣ 'ਤੇ ਜੋਰ ਦਿੱਤਾ ।



ਡਾ. ਸਵਰਨ ਸਿੰਘ ਮਾਨ ਨੇ ਫਲਦਾਰ ਬੂਟੇ ਕਾਮਯਾਬੀ ਨਾਲ ਤਿਆਰ ਕਰਨ ਲਈ ਤਕਨੀਕਾਂ ਉੱਤੇ ਚਾਨਣਾ ਪਾਇਆ । ਡਾ. ਸੰਦੀਪ ਸਿੰਘ ਗਰੇਵਾਲ ਨੇ ਬਾਗਬਾਨੀ ਵਿਭਾਗ ਦੀਆਂ ਸਬਸਿਡੀ ਸਕੀਮਾਂ ਤੋਂ ਲਾਭ ਉਠਾਉਣ ਲਈ ਪ੍ਰੇਰਿਤ ਕੀਤਾ । ਉਕਤ ਤੋਂ ਇਲਾਵਾ ਐਸੋਸੀਏਸ਼ਨ ਦੇ ਸੀਨੀਅਰ ਮੈਂਬਰ ਬਲਵਿੰਦਰ ਸਿੰਘ ਗਿੱਲ, ਜਸਦੇਵ ਇੰਦਰ ਸਿੰਘ ਮਾਨ, ਹਰਭਜਨ ਸਿੰਘ, ਵੀ. ਕੇ. ਸ਼ਰਮਾ, ਜੀਵਨ ਜਿੰਦਲ, ਅਸ਼ੋਕ ਰੌਨੀ, ਕਿਰਨ ਰਣਦੀਪ ਸਿੰਘ ਗਰੇਵਾਲ ਹਾਜ਼ਰ ਸਨ ।

ਇਸ ਮੌਕੇ 60 ਬਾਰਾਮਾਸੀ ਨਿੰਬੂ, 60 ਅਮਰੂਦ ਪਿਊਂਦੀ ਅਤੇ 40 ਸਬਜ਼ੀਆਂ ਦੀਆਂ ਮਿੰਨੀ ਕਿੱਟਾਂ ਮੁਫਤ ਵੰਡੀਆਂ ਗਈਆਂ । ਅੰਤ ਵਿਚ ਬਲਜੀਤ ਸਿੰਘ (ਸਾਬਕਾ ਸਰਪੰਚ) ਮੌਜੂਦਾ ਨੰਬਰਦਾਰ ਨੇ ਆਏ ਸਾਰੇ ਐਸੋਸੀਏਸ਼ਨ ਮੈਂਬਰਾਂ ਅਤੇ ਪਿੰਡ ਨਿਵਾਸੀਆਂ ਦਾ ਧੰਨਵਾਦ ਕੀਤਾ ਅਤੇ ਮੰਗ ਕੀਤੀ ਕਿ ਅੱਗੇ ਵਾਸਤੇ ਵੀ ਨਵੀਨਤਨ ਗਿਆਨ ਦੇਣ ਲਈ ਪਿੰਡ ਵਿਚ ਕੈਂਪ ਲਗਾਏ ਜਾਣ ।

### ਕ੍ਰਿਸ਼ੀ ਵਿਗਿਆਨ ਕੇਂਦਰ, ਰੌਣੀ (ਪਟਿਆਲਾ) ਵਿਖੇ ਕਿਸਾਨ ਮੇਲਾ ਲਗਾਇਆ ਗਿਆ

# ਫਸਲਾਂ ਦੀ ਰਹਿੰਦ-ਖੂੰਹਦ ਨੂੰ ਅੱਗ ਲਾਉਣ ਦੀ ਥਾਂ ਖੇਤਾਂ ਵਿੱਚ ਹੀ ਵਾਹੋ - ਡਾ. ਗੋਸਲ

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਕ੍ਰਿਸ਼ੀ ਵਿਗਿਆਨ ਕੇਂਦਰ, ਰੌਣੀ (ਪਟਿਆਲਾ) ਵਿਖੇ ਕਿਸਾਨ ਮੇਲਾ ਲਗਾਇਆ ਗਿਆ, ਜਿਸ ਵਿਚ ਵੱਡੀ ਗਿਣਤੀ ਕਿਸਾਨਾਂ ਅਤੇ ਕਿਸਾਨ ਬੀਬੀਆਂ ਨੇ ਸ਼ਿਰਕਤ ਕੀਤੀ। ਇਸ ਕਿਸਾਨ ਮੇਲੇ ਵਿਚ ਡਾ. ਸਤਿਬੀਰ ਸਿੰਘ ਗੋਸਲ, ਵਾਈਸ ਚਾਂਸਲਰ, ਪੀ.ਏ.ਯੂ. ਮੁੱਖ ਮਹਿਮਾਨ ਵੱਜੋਂ ਸ਼ਾਮਿਲ ਹੋਏ, ਜਦੋਂ ਕਿ ਡਾ. ਪ੍ਰੀਤੀ ਯਾਦਵ, ਆਈ.ਏ.ਐਸ., ਡਿਪਟੀ ਕਮਿਸ਼ਨਰ, ਪਟਿਆਲਾ ਡਾ. ਪ੍ਰੀਤੀ ਯਾਦਵ ਅਤੇ ਡਾ. ਦਵਿੰਦਰ ਸਿੰਘ ਚੀਮਾ, ਮੈਂਬਰ ਪ੍ਰਬੰਧਕੀ ਬੋਰਡ, ਪੀ.ਏ.ਯੂ., ਵਿਸ਼ੇਸ਼ ਮਹਿਮਾਨ ਵੱਜੋਂ ਸ਼ਾਮਿਲ ਹੋਏ। ਇਸ ਮੌਕੇ ਡਾ. ਜਸਵਿੰਦਰ ਸਿੰਘ, ਪ੍ਰਮੁੱਖ ਖੇਤੀਬਾੜੀ ਅਫਸਰ, ਪਟਿਆਲਾ ਵੀ ਵਿਸ਼ੇਸ਼ ਤੌਰ ਤੇ ਹਾਜ਼ਿਰ ਰਹੇ।

ਕਿਸਾਨਾਂ ਦੇ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਡਾ. ਸਤਿਬੀਰ ਸਿੰਘ ਗੋਸਲ ਨੇ ਮੌਜੂਦਾ ਸਮੇਂ ਧਰਤੀ, ਪੌਣ-ਪਾਣੀ ਅਤੇ ਵਾਤਾਵਰਣ ਵਿਚ ਵੱਧ ਰਹੇ ਪ੍ਰਦੂਸ਼ਣ ਤੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਸਾਡੇ ਕੁਦਰਤੀ ਸੋਮੇਂ ਅੱਜ ਸੰਕਟ ਗ੍ਰਸਤ ਹਾਲਾਤਾਂ ਨਾਲ ਜੂਝ ਰਹੇ ਹਨ, ਜਿਨ੍ਹਾਂ ਨੂੰ ਬਚਾਉਣਾ ਸਾਡੇ ਲਈ ਬਹੁਤ ਜ਼ਰੂਰੀ ਹੈ। ਖੇਤੀ ਨਿਰੰਤਰਤਾ ਨੂੰ ਕਾਇਮ ਰੱਖਣ ਅਤੇ ਖੇਤੀ ਵਿਰਾਸਤ ਨੂੰ ਅਗਲੀਆਂ ਪੀੜੀਆਂ ਤੱਕ ਪਹੁੰਚਾਉਣ ਲਈ ਕੁਦਰਤੀ ਸੋਮਿਆਂ ਦੇ ਰੱਖ-ਰਖਾਅ ਤੇ ਜ਼ੋਰ ਦਿੰਦਿਆਂ ਉਨ੍ਹਾਂ ਕਿਹਾ ਕਿ ਸਾਨੂੰ ਫਸਲਾਂ ਦੀ ਰਹਿੰਦ-ਖੂੰਹਦ ਨੂੰ ਅੱਗ ਲਾਉਣ ਦੀ ਥਾਂ ਖੇਤਾਂ ਵਿਚ ਹੀ ਵਾਹੁਣਾ ਚਾਹੀਦਾ ਹੈ, ਕਿਉਕਿ ਇਸ ਨਾਲ ਮਿੱਟੀ ਦੀ ਉਪਜਾਊ ਸ਼ਕਤੀ ਵਧਦੀ ਹੈ ਅਤੇ ਵਾਤਾਵਰਣ ਵੀ ਪਲੀਤ ਹੋਣੋਂ ਬਚਿਆ ਰਹਿੰਦਾ ਹੈ। ਜਲ-ਸੋਮਿਆਂ ਦੀ ਬਚਤ ਲਈ ਉਨ੍ਹਾਂ ਨੇ ਧਰਤੀ ਹੇਠਲੇ ਪਾਣੀ ਦੀ ਥਾਂ ਨਹਿਰੀ ਪਾਣੀ ਦੀ ਵਰਤੋਂ ਕਰਨ, ਘੱਟ ਪਾਣੀ ਲੈਣ ਵਾਲੀਆਂ ਕਿਸਮਾਂ ਦੀ ਬਿਜਾਈ ਕਰਨ ਅਤੇ ਤੁਪਕਾ ਸਿੰਚਾਈ ਵਰਗੀਆਂ ਤਕਨੀਕਾਂ ਅਪਣਾਉਣ ਦੀ ਅਪੀਲ ਕੀਤੀ। ਪੀ.ਏ.ਯੂ. ਵੱਲੋਂ ਸਿਫਾਰਸ਼ ਕੀਤੀਆਂ ਫਸਲਾਂ ਦੀਆਂ ਕਿਸਮਾਂ ਬੀਜਣ ਦੀਆਂ ਸਿਫਾਰਸ਼ ਕਰਦਿਆਂ ਉਨ੍ਹਾਂ ਦੱਸਿਆ ਕਿ ਯੂਨੀਵਰਸਿਟੀ ਵੱਲੋਂ ਵਿਕਸਿਤ ਕੀਤੀ ਕਣਕ ਦੀ ਵੱਧ ਝਾੜ ਦੇਣ ਵਾਲੀ ਕਿਸਮ ਪੀ.ਬੀ.ਡਬਲਯੂ. 826 ਨੇ ਜੰਮੂ ਤੋਂ ਲੈ ਕੇ ਕਲਕੱਤੇ ਤੱਕ ਪੂਰੀ ਧਾਂਕ ਜਮਾਈ। ਖੇਤੀ ਖਰਚੇ ਘਟਾ ਕੇ ਅਤੇ ਸਹਾਇਕ ਧੰਦੇ ਅਪਣਾ ਕੇ ਖੇਤੀ ਆਮਦਨ ਵਿਚ ਵਾਧਾ ਕਰਨ ਦੀ ਸਿਫਾਰਿਸ਼ ਕਰਦਿਆਂ ਉਨ੍ਹਾਂ ਕਿਹਾ ਕਿ ਹੁਣ ਸਾਨੂੰ ਐਗਰੀ ਬਿਜ਼ਨੈੱਸ ਵਾਲੇ ਪਾਸੇ ਤੁਰਨਾ ਪਵੇਗਾ। ਖੇਤੀ ਸਬੰਧੀ ਸਮੁੱਚੀ ਜਾਣਕਾਰੀ ਰੇਡੀਓ ਅਤੇ ਟੀ.ਵੀ. ਪ੍ਰੋਗਰਾਮਾਂ ਤੋਂ ਹਾਸਿਲ ਕਰਨ ਦੇ ਨਾਲ-ਨਾਲ ਉਨ੍ਹਾਂ ਨੇ ਕਿਸਾਨਾਂ ਨੂੰ ਪੀ.ਏ.ਯੂ. ਦੇ ਫੇਸਬੁੱਕ ਲਾਈਵ ਪ੍ਰੋਗਰਾਮ, ਯੂ.ਟਿਊਬ ਚੈਨਲਜ਼ ਅਤੇ ਖੇਤੀ ਸੰਦੇਸ਼ ਨਾਲ ਜੁੜਣ ਦੀ ਅਪੀਲ ਕੀਤੀ ਅਤੇ ਯੂਨੀਵਰਸਿਟੀ ਵੱਲੋਂ ਤਿਆਰ ਕੀਤੀਆਂ ਤੇਲ ਬੀਜਾਂ, ਦਾਲ ਬੀਜਾਂ ਅਤੇ ਚਾਰੇ ਦੀਆਂ ਕਿੱਟਾਂ ਘਰਾਂ ਵਿਚ ਲੈ ਕੇ ਜਾਣ ਨੂੰ ਕਿਹਾ।







ਇਸ ਮੌਕੇ ਡਾ. ਪ੍ਰੀਤੀ ਯਾਦਵ ਨੇ ਕਿਸਾਨਾਂ ਨੂੰ ਝੋਨੇ ਦੀ ਪਰਾਲੀ ਸਾੜ ਕੇ ਵਾਤਾਵਰਣ ਨੂੰ ਦੂਸ਼ਿਤ ਕਰਨ ਤੋਂ ਗੁਰੇਜ਼ ਕਰਦਿਆਂ ਕਿਹਾ ਕਿ ਇਸ ਦੀ ਸਾਭ-ਸੰਭਾਲ ਲਈ ਪੀ.ਏ.ਯੂ. ਵੱਲੋਂ ਵਿਕਸਿਤ ਕੀਤੀਆਂ ਤਕਨੀਕਾਂ ਅਤੇ ਖੇਤ ਮਸ਼ੀਨਰੀ ਅਪਣਾਉਣੀ ਚਾਹੀਦੀ ਹੈ। ਉਨ੍ਹਾਂ ਨੇ ਇਸ ਮੌਕੇ ਸਰਕਾਰ ਵੱਲੋਂ ਖੇਤ ਮਸ਼ੀਨਰੀ ਦੀ ਖਰੀਦੋ-ਫਰੋਖਤ ਲਈ ਮੁਹੱਈਆ ਕੀਤੀਆਂ ਜਾ ਰਹੀਆਂ ਸਬਸਿਡੀਆਂ ਬਾਰੇ ਵੀ ਚਾਨਣਾ ਪਾਇਆ।

## ਕੇ.ਵੀ.ਕੇ., ਰੌਣੀ (ਪਟਿਆਲਾ) ਵਿਖੇ ਲੱਗੇ ਕਿਸਾਨ ਮੇਲੇ ਦੀਆਂ ਝਲਕੀਆਂ













































# ਕੀ ਕਿਸਾਨ ਭਰਾਵਾਂ ਨੂੰ ਕੀਟਨਾਸ਼ਕ, ਉੱਲੀਨਾਸ਼ਕ, ਨਦੀਨਨਾਸ਼ਕ ਤੇ ਤੱਤਾਂ ਵਾਲੀ ਖੇਤੀ ਦਵਾਈਆਂ ਨੂੰ ਮਿਕਸ ਕਰਕੇ ਫਸਲ ਦੇ ਸਪਰੇਅ ਕਰਨੀ ਲਾਹੇਵੰਦ ਨੇ ਜਾਂ ਲੇਬਰ

## ਸਮਾਂ ਬਚਾਉਣ ਨਾਲ ਇਹ ਰੁਝਾਨ ਨੁਕਸਾਨ ਵੱਲ ਸਿਮਟਦਾ ਹੈ?



ਪਿਆਰੇ ਕਿਸਾਨ ਵੀਰੋ ਸਾਨੂੰ ਇਸ ਗੱਲ ਤੇ ਲੰਮੀ ਘੋਖ ਵਿਚਾਰ ਤੇ ਸਮ ਝ ਨਾਲ ਪੜਤਾਲ ਕਰਨੀ ਬੇਹੱਦ ਜ਼ਰੂਰੀ ਹੈ ਕਿ ਅਸੀਂ ਸਾਰੀਆਂ ਵੱਖੋ-ਵੱਖ ਬਰਾਦਰੀਆਂ ਦੀਆਂ ਖੇਤੀ ਦਵਾਈਆਂ ਦੀ ਸਪਰੇਅ ਮਿਕਸ ਕਰਕੇ ਫਸਲ ਨੂੰ ਕਰ ਸਕਦੇ ਹਾਂ ? ਕਿਉਂਕਿ ਖੇਤੀਬਾੜੀ ਖੇਤਰ ਬਹੁਤ ਹੀ ਵਿਸ਼ਾਲ ਖੇਤਰ ਹੈ। ਜਿਸਦਾ ਕਿ ਮਨੁੱਖ ਭਾਵੇਂ ਕਿੱਡਾ ਕੁ ਵੀ ਅਲੱਗ ਅਲੱਗ ਫਸਲ ਨੂੰ ਤਜ਼ਰਬੇ ਤੌਰ ਤੇ ਦੇਖਣ ਸਮਝਣ ਦੇ ਪਹਿਲੂਆਂ ਤੋਂ ਤਜ਼ਰਬੇਕਾਰ ਬਣ ਜਾਵੇ, ਤਾਂ ਉਸ ਨੂੰ ਵੀ ਵਧੇਰੇ ਝਾੜ ਤੇ ਝੱਟ ਕੰਮ ਨਿਬੇੜਨ ਦੀ ਕਾਹਲ ਵਿਚ ਕਿਸੇ ਦੀ ਸੰਸਥਾ ਜਾਂ ਵਿਦਵਾਨ ਜਾਂ ਸਿਫਾਰਸ਼ੀ ਲਿਟਰੇਚਰ ਤੋਂ ਸਲਾਹ ਲੈਣੀ ਜ਼ਰੂਰੀ ਹੋਵੇਗੀ। ਅਗਰ ਉਹ ਅਜਿਹਾ ਨਹੀਂ ਕਰੇਗਾ ਤਾਂ ਵਧੇਰੇ ਆਰਥਿਕਤਾ ਤੇ ਫਸਲੀ ਨੁਕਸਾਨ ਤੇ ਦੋਹਰੇ ਕੈਮੀਕਲ ਸਪਰੇਅ ਦੇ ਮਾਰ ਹੇਠਾਂ ਵੀ ਉਹ ਆਪ ਹੀ ਜਾਣਬੁੱਝ ਪਛਤਾਵੇ ਨਾਲ ਆਵੇਗਾ। ਅੱਜ ਖੇਤੀ ਕਿੱਤੇ ਨੂੰ ਕੇਵਲ ਸਮਝ ਤੇ ਵਿਚਾਰ ਵਟਾਂਦਰਾ ਨਾਲ ਚੱਲਣਾ ਹੀ ਵੱਡੀ ਗੱਲ ਹੈ।

ਇਕ ਤਾਜ਼ੀ ਉਦਾਹਰਨ ਸਮਾਜ 'ਚ ਚੱਲਦੀ ਕੀਤੀ ਕਿ ਸ਼ਾਇਦ ਤਾਂ ਜੋ ਉਸ ਦਾ ਫਾਇਦਾ ਤੇ ਨੁਕਸਾਨ ਬਾਰੇ ਗੱਲ ਝੱਟ ਸਮਝ ਪੈ ਜਾਵੇ। ਪਿਆਰੇ ਦੋਸਤੋ ਜਿਵੇਂ ਅੱਜ ਕਿਸੇ ਵਿਅਕਤੀ ਨਾਲ ਮੋਬਾਈਲ ਫੋਨ ਨੂੰ ਵੇਖਣ ਦੇ ਰੁਝਾਨ ਬਾਰੇ ਗੱਲਬਾਤ ਕਰੋਗੇ ਤਾਂ ਬਹੁਤ ਵਾਰ ਅਜਿਹਾ ਸੁਣਿਆ ਜਾਂਦਾ ਹੈ ਕਿ ਲਗਾਤਾਰ ਦੇਖਣ ਨਾਲ ਅੱਖਾਂ ਤਾ ਪੀੜ ਕਰਦੀਆਂ ਹੀ ਹਨ ਪਰ ਦਿਮਾਗ ਨਾਲ ਜੁੜੀਆਂ ਪੁਰਪੜੀਆਂ ਵੀ ਦੁੱਖਣ ਲੱਗ ਜਾਂਦੀਆਂ ਹਨ। ਏਥੋਂ ਤੱਕ ਕਿ ਮਾਈਗ੍ਰੇਨ ਸ਼ੁਰੂ ਹੋ ਜਾਂਦੀ ਤੇ ਬੰਦੇ ਨੂੰ ਅਖੀਰ ਨੁਕਸਾਨ ਕਰਵਾਉਣ ਤੋਂ ਬਾਅਦ ਪਤਾ ਲੱਗਦਾ ਹੈ ਕਿ ਗਲਤੀ ਕਿਥੇ ਹੋਈ ਹੈ। ਏਸੇ ਤਰ੍ਹਾਂ ਜ਼ਿਆਦਾ ਮੋਬਾਈਲ ਚਲਾਉਣ ਨਾਲ ਅੱਖਾਂ ਨੂੰ ਝੋਉਲੇ ਤੱਕ ਪੈਣ ਲੱਗਦੇ ਨੇ ਤੇ ਦੂਰ ਦੀ ਨਿਗ੍ਹਾ ਤੱਕ ਘਟ ਜਾਂਦੀ ਹੈ। ਦੋਸਤੋ ਏਥੇ ਇਹ ਸਮਝਣ ਦੀ ਲੋੜ ਹੈ ਕਿ ਮੋਬਾਈਲ ਮਾੜਾ ਨਹੀਂ, ਟੈਕਨੋਲੋਜੀ ਮਾੜੀ ਨਹੀਂ, ਉਸ ਦੀ ਸਹੀ ਵਰਤੋਂ ਸਹੀ ਸਮੇਂ ਮੁਤਾਬਿਕ ਨਾ ਕਰਨੀ ਹੀ ਸਾਡੀ ਸਿਹਤ ਨੂੰ ਖਰਾਬ ਕਰਦੀ ਹੈ।

ਕਿਸਾਨ ਵੀਰੋ ਏਸੇ ਤਰ੍ਹਾਂ ਖੇਤੀ ਦਵਾਈਆਂ ਕੋਈ ਵੀ ਹੋਵੇ ਜੇਕਰ ਸਹੀ ਸਮੇਂ ਤੇ ਵਰਤੋਂ ਅਤੇ ਸਹੀ ਮਾਤਰਾ ਵਿਚ ਵਰਤੋਂ, ਨਾਲ ਸਪਰੇਅ ਹੋਵੇਗੀ ਤਾਂ ਸ਼ਾਇਦ ਨਾ ਕਿਸਾਨ ਨੂੰ ਦੂਜੀ ਵਾਰ ਸਪਰੇਅ ਕਰਨ ਨਾਲ ਆਰਥਿਕ ਨੁਕਸਾਨ ਹੋਵੇਗਾ ਤੇ ਨਾਲ ਹੀ ਫਸਲ ਨੂੰ ਕੋਈ ਸਾੜ ਆਦਿ ਦਾ ਸਾਹਮਣਾ ਕਰਨਾ ਪਵੇਗਾ। ਸਾਨੂੰ ਸਮਝਣ ਦੀ ਲੋੜ ਹੈ ਕਿ ਕਿਹੜੀ ਸੰਘਣੀ ਹੈ ਤੇ ਕਿਹੜੀ ਦਵਾਈ ਪਤਲੀ। ਉਸ ਦਵਾਈ ਦਾ ਚੰਗਾ ਪਾਣੀ ਮਿਲਾਇਆ ਜਾਵੇ।

ਖੇਤਾਂ 'ਚ ਚੱਲਦੇ ਰੁਝਾਨ ਦੀ ਗੱਲ ਕਰੀਏ ਤਾਂ ਅਕਸਰ ਖੇਤ ਵਿਚ ਸਪਰੇਅ ਕਰਨ ਲਈ ਜਦੋਂ ਕੈਮੀਕਲ ਕੀੜੇਮਾਰ, ਉੱਲੀ, ਤਾਕਤ ਵਾਲੀ ਸਪਰੇਅ ਕਰਨ ਦੀ ਲੋੜ ਮਹਿਸੂਸ ਹੁੰਦੀ ਹੈ। ਉਸਨੂੰ ਚੇਤਾ ਭਾਵੇਂ ਕਿਸੇ ਨੂੰ ਕੰਮ ਕਰਦੇ ਵੱਲ ਦੇਖ ਕੇ ਆਵੇ ਜਾਂ ਆਪਣੀ ਸੋਚ ਮੁਤਾਬਕ ਸਮਝ ਨਾਲ ਆਵੇ, ਕਹਿਣ ਨੂੰ ਕਿ ਜ਼ਿਆਦਾਤਰ ਇਕੱਠੀਆਂ ਸਪਰੇਅ ਮਿਕਸ ਕਰਕੇ ਸਪਰੇਅ ਕਰਨ ਦਾ ਮਨ ਕਿਸਾਨ ਵੀਰ ਦਾ ਜ਼ਿਆਦਾ ਬਣਦਾ ਹੈ ਕਿ ਫਸਲ 'ਚ ਇੱਕੋ ਵਾਰ ਨਿਬੇੜਾ



ਕਮਲਇੰਦਰਜੀਤ ਸਿੰਘ ਬਾਜਵਾ
ਬਲਾਕ ਟੈਕਨੋਲੋਜੀ ਮੈਨੇਜਰ, ਖੇਤੀਬਾੜੀ ਵਿਭਾਗ, ਕਾਹਨੂੰਵਾਨ, ਜ਼ਿਲ੍ਹਾ ਗੁਰਦਾਸਪੁਰ
ਮੋ. 98150-82401

ਕਰੀਏ ਤਾਂ ਖੇਤ 'ਚ ਬਾਰ ਬਾਰ ਵੜਨ ਜੱਬ, ਦੂਜਾ ਸਪਰੇਅ ਜ਼ਿਆਦਾਤਰ ਕਿਰਾਏ ਤੇ ਕਰਵਾਉਣੀ।

ਏਸ ਮਿਕਸ ਤੇ ਤੇਜ ਦਵਾਈਆਂ ਦਾ ਪ੍ਰਕੋਪ ਕਿੱਥੇ ਤੇ ਕਦੋਂ ਨਜ਼ਰ ਆਉਂਦਾ ਹੈ ਜਿਵੇਂ ਪਹਿਲਾ ਕੱਚੇ ਦੋਧੀ ਦਾਣੇ ਤੇ ਹੋਈ ਸਪਰੇਅ ਨਾਲ ਦਾਣੇ ਉੱਪਰਲੇ ਹਿੱਸੇ ਜਾਂ ਹੇਠਲੇ ਕਵਰ ਵਿਚ ਉੱਲੀ ਰੂੰ ਰੂਪ ਵਿਚ ਹੀ ਲੱਗੀ ਦਿਸਦੀ ਹੈ। ਜਿੱਥੇ ਬਾਅਦ ਵਿਚ ਅਕਸਰ ਤੇਲਾ ਬੈਠ ਖਾ ਕੇ ਹਮਲਾ ਕਰਦਾ ਹੈ। ਫੇਰ ਅਸੀਂ ਤੇਲੇ ਦੀ ਸਪਰੇਅ ਵੱਲ ਅਣਜਾਣੇ ਚ ਹੋ ਜਾਂਦੇ। ਦੂਜਾ ਵੱਡਾ ਨੁਕਸਾਨ ਨਿਸਾਰੇ ਤੇ ਪੋਲਨ ਦੇ ਸੜਨ ਨਾਲ ਦਾਣੇ ਵਿਚਾਲੇ ਮਾਦਾ (ਫੀਮੇਲ)ਵਾਲਾ ਹਿੱਸੇਦਾ ਵੀ ਦਾਣੇ ਅੰਦਰ ਹੀ ਸੜ ਜਾਣੇ ਸਾਹਮਣੇ ਆਉਂਦਾ ਹੈ। ਜੋ ਦਾਣੇ ਵਿਚ ਕਾਲਾ ਹੋਇਆ ਪੋਲਨ ਤਿੰਨ ਤੋ ਚਾਰ ਦਵਾਈ ਸਪਰੇਅ ਹੋਣ ਤੋਂ ਬਾਅਦ ਦੇਖਿਆ ਗਿਆ ਹੈ। ਜਿਹੜਾ ਕਿ ਅੱਗੇ ਚੱਲ ਕੇ ਦਾਣੇ ਵਿਚ ਫੋਕ ਵਧਾਉਂਦਾ ਹੈ। ਜਿਸ ਨਾਲ ਫਸਲ ਦਾ ਝਾੜ ਅਣਜਾਣੇ ਵਿਚ ਹੇਠਾਂ ਆਵੇਗਾ। ਇਹ ਵੀ ਸਮਝਣ ਦੀ ਲੋੜ ਹੈ ਕਿ ਕਿਹੜੀ ਦਵਾਈ ਦੀ, ਕਿਹੜੀ ਕਿਹੜੀ ਬਰਾਦਰੀ ਵਾਲੀ ਦਵਾਈ ਲਈ ਅਲੱਗ ਅਲੱਗ ਕਿੰਨੇ ਪਾਣੀ ਦੀ ਸਿਫਾਰਸ਼ ਮੁਤਾਬਕ ਲੋੜ ਹੈ। ਮੰਨ ਲਵੋਂ ਜਦੋਂ ਕੀਟਨਾਸ਼ਕ ਦਵਾਈਆਂ ਦੀ ਵਰਤੋਂ ਕਰਦੇ ਹਾਂ ਤਾਂ ਸਾਨੂੰ ਕੇਵਲ ਪ੍ਰਤੀ ਏਕੜ 80-100 ਲੀਟਰ ਪਾਣੀ ਲਗਾ ਕੇ ਸਪਰੇਅ ਨੇਪਰੇ ਚਾੜ੍ਹਨ ਦੀ ਲੋੜ ਹੁੰਦੀ ਹੈ। ਉੱਥੇ ਜੇਕਰ ਉੱਲੀ ਨਾਸ਼ਕ ਦੀ ਸਪਰੇਅ ਕਰਦੇ ਹਾਂ ਤਾਂ ਪਾਣੀ ਦਵਾਈ ਨਾਲ 150-200 ਲੀਟਰ ਤੱਕ ਲਗਾਉਂਦੇ ਹਾਂ। ਅਜਿਹੇ ਵਿਚ ਦਵਾਈ ਜੇਕਰ ਫਸਲ ਨੂੰ ਤੱਤਾਂ ਦੀ ਘਾਟ ਨੂੰ ਪੂਰਾ ਕਰਨ ਲਈ ਤਾਕਤ ਰੂਪੀ ਹੈ ਤਾਂ ਪਾਣੀ ਦੀ 200 ਲੀਟਰ ਸਿਫਾਰਸ਼ ਕੀਤੀ ਹੈ।

ਅੱਜ ਕੱਲ੍ਹ ਇਹ ਵੀ ਵੱਡੇ ਪੱਧਰ ਤੇ ਦੇਖਣ ਯੋਗ ਹੈ ਕਿ ਕੋਈ ਵੀ ਕੀਟਨਾਸ਼ਕ ਜਾਂ ਤਾਕਤ ਵਾਲੀ ਹੋਵੇ, ਕਿਸਾਨ ਨਾ ਚਾਹੁੰਦਿਆਂ ਹੋਇਆਂ ਵੀ ਖਰੀਦਣ ਲਈ ਮਜਬੂਰ ਹੁੰਦਾ ਹੈ। ਕਿਉਂਕਿ ਉਸ ਵਿਚ ਦੋ ਤੋਂ ਲੈ ਕੇ ਚਾਰ ਸਾਲਟ ਤੱਕ ਹੁੰਦੇ ਨੇ ਤੇ ਕਿਸਾਨ ਕੀਤੇ ਨਾ ਕੀਤੇ ਇਕ ਸਾਲਟ ਹੇਠ ਤਾਂ ਮੰਨਣ ਲਈ ਆ ਹੀ ਜਾਂਦਾ ਹੈ। ਦੁਕਾਨਦਾਰ ਸਾਲਟ ਵੱਧਣ ਨਾਲ ਉਸ ਦਵਾਈ ਦਾ ਰੇਟ ਵੱਧਣ ਬਾਰੇ ਜ਼ਿਕਰ ਨਹੀਂ ਕਰਦਾ। ਕਿਉਂਕਿ ਕਿਸਾਨ ਉਸ ਦਵਾਈ ਨੂੰ ਛੱਡ ਵੀ ਸਕਦਾ ਹੈ। ਏਸ ਲੁਕੀ ਹੋਈ ਕੱਲ ਨੂੰ ਛੱਡ ਅਖੀਰ ਉਹ ਖਰੀਦ ਲੈਂਦਾ ਹੈ। ਏਥੇ ਅਸੀਂ ਖੇਤੀਬਾਜੜੀ ਖੇਤਰ ਵਿਚ ਰੋਜ਼ਾਨਾ ਦੇ ਚੱਲ ਰਹੇ ਰੁਝਾਨਾਂ ਦੀ ਗੱਲ ਕਰੀਏ ਤਾਂ ਹੋ ਕੀ ਰਿਹਾ ਹੈ, ਦਵਾਈ ਦੇ ਉਲਾਮੇ ਆਉਂਣੇ ਮਤਲਬ ਕਈ ਵਾਰ ਨਤੀਜੇ ਨਾ ਆਉਂਣੇ ਤੇ ਕਦੇ ਫਸਲਾਂ ਦੇ ਨੁਕਸਾਨ ਹੋਣੇਂ ਸਾੜ ਨਾਲ ਆਮ ਜਿਹੀ ਗੱਲ ਅਸੀਂ ਬਣਾ ਲਈ ਹੈ। ਫਸਲ ਨੂੰ ਮੁੜ ਘੱਟ ਅਸਰ ਦਵਾਈ ਦਾ ਦੇਖ ਦੇ ਹੋਰ ਸਪਰੇਅ ਕਰਨ ਨੂੰ ਪਹਿਲਾਂ ਹੀ ਤਿਆਰ ਹੋ ਜਾਂਦੇ ਹਾਂ। ਦੂਸਰਾ ਜਿਸ ਦਵਾਈ ਦੇ ਅਸਰ ਨਾਲ ਫਸਲ ਦੇ ਨੁਕਸਾਨ ਦਿਸੇ ਤਾਂ ਉਸ ਨੂੰ ਜਲਦਬਾਜ਼ੀ 'ਚ ਠੀਕ ਕਰਨ ਲਈ ਵੀ ਤੇ ਉਸ ਤੇ ਹੋਏ ਘਾਤਕ ਮਿਕਸ ਦਵਾਈ ਦੇ ਸਪਰੇਅ ਦੇ ਅਸਰ ਨੂੰ ਘਟਾਉਣ ਲਈ ਉਸ ਉੱਪਰ ਫਿਰ ਕੋਈ ਹੋਰ ਸਪਰੇਅ ਕਰਨ ਦੀ ਭੱਜਦੌੜ ਆਮ ਸੁਣੀ ਜਾਂਦੀ ਹੈ। ਜਿਸ ਨਾਲ ਅਸੀਂ ਆਮ ਬੇਸਮਝੀ ਕਰਕੇ ਵਧੇਰੇ ਖੇਤੀ ਸਮੱਗਰੀ ਦੀ ਵਰਤੋਂ ਫਸਲ ਨੂੰ ਤੇ ਦੁਕਾਨਾਂ ਦੀ ਸੇਲ ਦੇ ਖਰਚ ਨੂੰ ਆਪ ਜਾਣਬੁੱਝ ਕੇ ਵਧਾ ਲੈਂਦੇ ਹਾਂ।

ਜੇਕਰ ਏਥੇ ਤੁਸੀਂ ਇਕ ਕੀਟਨਾਸ਼ਕ ਦਵਾਈਆਂ ਨੂੰ ਤੇ ਉੱਲੀਨਾਸ਼ਕ ਸਪਰੇਅ ਨੂੰ ਅਤੇ ਤਾਕਤ ਵਾਲੀ ਦਵਾਈ ਨਾਲ ਮਿਕਸ ਕਰਕੇ ਖੇਤ 'ਚ ਫਸਲ ਨੂੰ ਸਪਰੇਅ ਕਰਦੇ ਹੋ ਤਾਂ ਪਹਿਲਾ ਨੁਕਸਾਨ ਇਹ ਹੁੰਦਾ ਹੈ ਕਿ ਜਿਹੜੀ ਦਵਾਈ ਤੇਜ਼ ਹੁੰਦੀ ਹੈ ਉਹ ਆਪਣਾ ਅਸਰ ਕਰ ਜਾਂਦੀ ਹੈ ਤੇ ਹਲਕੀ ਦਾ ਅਸਰ ਮਿਕਸ ਹੋਣ ਕਰਕੇ ਰਹਿ ਜਾਂਦਾ ਹੈ। ਦੂਜਾ ਇਹ ਕਿ ਜਿਸ ਦਵਾਈ ਨੂੰ ਘੱਟ ਪਾਣੀ ਲਗਾਉਣ ਦੀ ਲੋੜ ਸੀ, ਉਸ ਨੂੰ ਅਸੀਂ ਘੱਟ ਦੀ ਬਜਾਏ ਵੱਧ ਲਗਾ ਲਿਆ ਅਸਰ ਘਟਾਉਣ ਲਈ। ਤੀਜਾ ਨੁਕਸਾਨ ਜਿਸ ਦਵਾਈ ਨੂੰ ਵਧੇਰੇ ਪਾਣੀ ਦੀ ਲੋੜ ਸੀ ਉਸ ਨੂੰ ਜੇਕਰ ਦਰਮਿਆਨਾ ਲੱਗ ਗਿਆ ਤਾਂ ਫਸਲ ਪੱਤਿਆਂ ਤੇ ਦਵਾਈ ਨਾਲ ਚਟਾਕ ਦੇ ਨਿਸ਼ਾਨ ਪੈ ਜਾਂਦੇ ਹਨ। ਜਿਸ ਦਾ ਖਦਸ਼ਾ ਫਸਲ ਦੀ ਸਿਹਤ ਤੋਂ ਝਾੜ ਘੱਟ ਕਰਨ ਵੱਲ ਜਾਂਦਾ ਹੈ। ਸਿੱਟੇ ਵਜੋਂ ਕਿਸਾਨ ਫਸਲ ਨੂੰ ਦੇਖ ਕੇ ਘਬਰਾ ਜਾਂਦਾ ਹੈ ਤੇ ਹੋਰ ਫਜ਼ੂਲ ਖਰਚੇ ਤੇ ਸਪਰੇਆਂ ਦੀ ਸ਼ੁਰੂਆਤ ਕਰ ਬੈਠਦਾ ਹੈ।

ਹਾਲਾਂਕਿ ਕੋਈ ਵੀ ਖੇਤੀ ਸੰਸਥਾਵਾਂ ਨਦੀਨਾਂ, ਕੀਟਾਂ, ਉੱਲੀਆਂ, ਤਾਕਤਾਂ ਦੇ ਘੋਲ ਇਕੱਠੇ ਸਪਰੇਅ ਕਰਨ ਦੀ ਸਿਫਾਰਸ਼ ਨਹੀਂ ਕਰਦੇ। ਉਹ ਵੀ ਇਕੱਲੀ ਇਕੱਲੀ ਸਪਰੇਅ ਨੂੰ ਕਰ ਚੰਗੇ ਨਤੀਜੇ ਸਾਹਮਣੇ ਆਉਣ ਬਾਰੇ ਕਹਿਣਗੇ। ਜੇਕਰ ਕਿਸਾਨ ਵੀਰੋ ਫੇਰ ਵੀ ਜੇਕਰ ਕੀਤੇ ਜ਼ਰੂਰੀ ਕੰਮ ਲਈ ਤੁਹਾਨੂੰ ਬਾਹਰ ਅੰਦਰ ਜਾਣ ਲਈ ਕਰਕੇ ਸਮਾਂ ਨਹੀਂ ਮਿਲਦਾ ਤਾਂ ਪਹਿਲੀ ਤੋਂ ਬਾਅਦ ਦੂਜੀ ਸਪਰੇਅ ਕਰਨ ਵਿਚ 5-7 ਦਿਨਾਂ ਦਾ ਵਕਫਾ ਜ਼ਰੂਰ ਰੱਖੋ। ਕਿਉਂਕਿ ਕੀਟਨਾਸ਼ਕਾਂ ਦਾ ਨਤੀਜਾ ਏਨੇ ਦਿਨਾਂ 'ਚ ਦਿਸ ਜਾਂਦਾ ਹੈ ਤੇ ਨਦੀਨਾਂ ਦਾ ਕੁੱਝ ਹੋਰ ਸਮਾਂ ਲੱਗਦਾ ਹੈ। ਬਹੁਤ ਵਾਰ ਤਾਂ ਦੇਖਣ ਵਿਚ ਆਉਂਦਾ ਹੈ ਕਿ ਜਦੋਂ ਨਦੀਨਾਂ ਦਾ ਲੱਕ ਟੁੱਟਦਾ ਹੈ ਤਾਂ ਕਿਸਾਨ ਵੀਰ ਖੇਤ ਨੂੰ ਪਾਣੀ ਤੱਕ ਲੱਗਾ ਮੇ ਫਿਰ ਹਰਾ ਕਰ ਬੈਠਦਾ ਹੈ। ਨੋਜ਼ਲਾਂ ਦੀ ਚੋਣ ਬਾਰੇ ਗੱਲ ਕਰੀਏ ਤਾਂ ਉੱਲੀ ਨਾਸ਼ਕ ਸਪਰੇਅ ਕਰਨ ਲਈ ਫਲੈਟ ਫੈਨ, ਕੀਟਨਾਸ਼ਕਾਂ ਲਈ ਕੋਨ ਨੋਜ਼ਲਾਂ ਦੀ ਵਰਤੋਂ, ਨਦੀਨਾਂ ਦੀ ਸਪਰੇਆਂ ਲਈ ਕੱਟ ਵਾਲੀ ਨੋਜ਼ਲਾਂ ਦੀ ਵਰਤੋਂ ਧਿਆਨ ਹੇਠ ਲਿਆਉਣ ਦੀ ਲੋੜ ਹੈ। ਫਸਲ ਤੋਂ ਉੱਚਾਈ ਵੀ ਫੁੱਟ ਜਾਂ ਡੇਢ ਫੁੱਟ ਤੋਂ ਉੱਪਰ ਨਾ ਰੱਖੀ ਜਾਵੇ ਬਹੁਤ ਵਾਰ ਤੇਜ਼ੀ ਨਾਲ ਰਫਤਾਰ ਮਾਰਦਿਆਂ ਉੱਚਾ ਚੁੱਕ ਕੇ ਵੀ ਆਮ ਦੇਖਿਆ ਜਾਂਦਾ ਹੈ। ਇਹ ਵੀ ਯਾਦ ਰੱਖਣ ਦੀ ਲੋੜ ਹੈ ਕਿ ਫਸਲ ਨੂੰ ਸਪਰੇਅ ਨਾਲ ਚੰਗੀ ਤਰ੍ਹਾਂ ਧੋਣ ਤੇ ਹੀ ਵਧੇਰੇ ਛਿੜਕਾਅ ਦੇ ਚੰਗੇ ਨਤੀਜੇ ਸਾਹਮਣੇ ਆਉਣਗੇ ਬਾਕੀ ਦਵਾਈ ਦੀ ਬਰਾਦਰੀ ਮੁਤਾਬਕ।

ਕਿਸਾਨ ਵੀਰੋ ਅਜਿਹੀਆਂ ਮੋਟੀਆਂ ਮੋਟੀਆਂ ਸਾਵਧਾਨੀਆਂ ਆਪ ਨਾਲ ਤਾਂ ਹੀ ਸਾਂਝੀ ਕੀਤੀ ਹੈ ਕਿ ਕੁੱਝ ਹੱਦ ਤੱਕ ਖੇਤੀ ਸਮੱਗਰੀ ਨੂੰ ਅਧਿਐਨ ਕਰਨ ਨਾਲ ਖੇਤੀ ਖਰਚਿਆਂ ਦਾ ਸਹੀ ਉਪਯੋਗ ਕਰਕੇ ਵਧੇਰੇ ਨਤੀਜੇ ਲੈਣ ਦੇ ਨਾਲ ਤੇ ਫਜ਼ੂਲ ਨਜਾਇਜ਼ ਹੁੰਦੇ ਕਿਸਾਨ ਦੇ ਖੇਤੀ ਖਰਚ ਘਟਾਏ ਜਾ ਸਕਣ।

## ਪੂਰਵਜ ਕੌਣ?

ਕੀ ਬਾਂਦਰ ਤੋਂ ਮਨੁੱਖ ਬਣਦਾ ਹੈ ਜਾਂ ਮਨੁੱਖ ਤੋਂ ਬਾਅਦ ਬਣਦਾ ਹੈ ? ਇਹ ਸਵਾਲ ਅਕਸਰ ਲੋਕ ਕਰਦੇ ਰਹਿੰਦੇ ਹਨ ਪਰ ਜੇ ਅਸੀਂ ਸਾਰਾ ਇਤਿਹਾਸ ਦੇਖੀਏ ਤਾਂ ਸਾਨੂੰ ਸਪੱਸ਼ਟ ਹੋ ਜਾਵੇਗਾ ਕਿ ਤਕਰੀਬਨ 50 ਲੱਖ ਸਾਲ ਪਹਿਲਾਂ ਜਿਹੜੇ ਚਾਰ ਪੈਰਾਂ 'ਤੇ ਚੱਲਣ ਵਾਲੇ ਜਾਨਵਰ ਸਨ, ਉਹ ਦੋ ਹੱਥਾਂ 'ਤੇ ਚੱਲਣੇ ਸ਼ੁਰੂ ਹੋ ਗਏ। ਇਨ੍ਹਾਂ ਦੇ ਅੰਗਰੇਜ਼ੀ 'ਚ ਬੜੇ ਲੰਮੇ ਚੌੜੇ ਨਾਂਅ ਹਨ। ਹੌਲੀ-ਹੌਲੀ ਇਹ ਵਿਕਸਿਤ ਹੁੰਦੇ ਗਏ ਪਰ ਉਸ ਵੇਲੇ ਇਨ੍ਹਾਂ ਦਾ ਜਿਹੜਾ ਦਿਮਾਗ ਸੀ, ਉਹ ਛੋਟੇ ਆਕਾਰ (ਸਾਇਜ਼) ਦਾ ਸੀ। ਸੱਤ ਲੱਖ ਸਾਲ ਪਹਿਲਾਂ ਇਹ ਦਿਮਾਗ ਵੀ ਵੱਡਾ ਹੁੰਦਾ ਗਿਆ। ਸਰੀਰ ਹੋਰ ਅੱਗੇ ਵਿਕਸਿਤ ਹੁੰਦੇ ਗਏ ਅਤੇ ਸਾਡਾ ਅੱਜ ਦਾ ਮਨੁੱਖ ਬਣਿਆ ਹੈ। ਇਸ ਦੀ ਸ਼ੁਰੂਆਤ ਅਫਰੀਕਾ ਤੋਂ ਗਿਣੀ ਜਾਂਦੀ ਹੈ। ਬਾਕੀ ਥਾਵਾਂ ਤੋਂ ਵੀ ਹੋਈ ਹੈ ਪਰ ਅਫਰੀਕਾ ਤੋਂ ਸਭ ਤੋਂ ਪਹਿਲਾਂ ਗਿਣੀ ਜਾਂਦੀ ਹੈ। ਲੱਖਾਂ ਸਾਲਾਂ ਤੋਂ ਜਿਹੜਾ ਸੁਭਾਅ ਹੈ, ਉਹ ਉਵੇਂ ਹੀ ਚਲਿਆ ਆਉਂਦਾ ਹੈ। ਥੋੜ੍ਹਾ ਬਹੁਤਾ ਹੀ ਇਸ 'ਚ ਫਰਕ ਆ ਰਿਹਾ ਹੈ ਪਰ ਮਨੁੱਖ ਦਾ ਜਿਹੜਾ ਮੂਲ ਸੁਭਾਅ ਹੈ, ਉਹ ਸਦੀਆਂ ਤੋਂ ਉਹੀ ਹੈ। ਇਸੇ ਲਈ ਜਿਹੜਾ ਸਾਡੇ ਲੋਕ ਹਾਸੇ ਮਜ਼ਾਕ 'ਚ ਵੀ ਇਹੀ ਕਹਿੰਦੇ ਹਨ ਕਿ ਬੰਦਾ, ਬਾਂਦਰ ਤੋਂ ਬਣਿਆ ਹੈ ਪਰ ਇਹੋ ਜਿਹੀ ਕੋਈ ਗੱਲ ਨਹੀਂ। ਬਾਂਦਰ ਅਲੱਗ ਬਣੇ ਹਨ, ਬੰਦਾ ਅਲੱਗ ਬਣਿਆ ਹੈ। ਉਂਜ ਤਾਂ ਬੰਦੇ 'ਚ ਕੁੱਤੇ ਦਾ ਸੁਭਾਅ ਵੀ ਹੈ, ਸ਼ੇਰ ਵਾਲਾ ਸੁਭਾਅ ਵੀ ਅਤੇ ਹੋਰ ਜਾਨਵਰਾਂ ਵਾਲੇ ਸੁਭਾਅ ਵੀ ਹਨ, ਤਾਂ ਇਸ ਦਾ ਮਤਲਬ ਇਹ ਨਹੀਂ ਕਿ ਉਨ੍ਹਾਂ ਤੋਂ ਮਨੁੱਖ ਬਣ ਗਿਆ, ਇਹ ਸਾਰਾ ਕੁਝ ਬਰੋ ਬਰਾਬਰ ਹੀ ਚਲਦਾ ਰਿਹਾ ਹੈ। ਇਸ ਲਈ ਮਨੁੱਖ ਮਨੁੱਖ ਹੈ, ਸ਼ੇਰ ਸ਼ੇਰ ਹੈ ਅਤੇ ਕੁੱਤਾ ਕੁੱਤਾ ਹੈ। ਹਰ ਚੀਜ਼ ਅਲੱਗ-ਅਲੱਗ ਕੁਦਰਤ ਨੇ ਬਣਾਈ ਹੈ, ਇਸ ਲਈ ਇਕ-ਦੂਜੇ ਨੂੰ ਇਕ-ਦੂਜੇ ਦੇ ਪੂਰਵਜ ਕਹਿਣਾ ਕੋਈ ਸਹੀ ਗੱਲ ਨਹੀਂ ਹੈ।



ਜਨਮੇਜਾ ਸਿੰਘ ਜੌਹਲ
ਮੋ. 98159-45018

RNI Regd. No. PUNPUN00806

### ਖੇਤਰੀ ਖੋਜ ਕੇਂਦਰ, ਬਠਿੰਡਾ ਵਿਖੇ ਕਿਸਾਨ ਮੇਲਾ ਲਗਾਇਆ ਗਿਆ

# ਕਿਸਾਨ ਪੱਖੀ ਖੇਤੀ ਨੀਤੀ ਦੇ ਲਾਗੂ ਹੋਣ ਨਾਲ ਵੱਡੀਆਂ ਸਮੱਸਿਆਵਾਂ ਦੇ ਹੱਲ ਹੋਣ ਦੀ ਉਮੀਦ - ਡਾ. ਸੁਖਪਾਲ ਸਿੰਘ

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਖੇਤਰੀ ਖੋਜ ਕੇਂਦਰ, ਬਠਿੰਡਾ ਵਿਖੇ ਕਿਸਾਨ ਮੇਲਾ ਲਗਾਇਆ ਗਿਆ, ਜਿਸ ਵਿੱਚ ਵੱਡੀ ਗਿਣਤੀ ਕਿਸਾਨਾਂ ਅਤੇ ਕਿਸਾਨ ਬੀਬੀਆਂ ਨੇ ਸ਼ਿਰਕਤ ਕੀਤੀ। ਕੁਦਰਤੀ ਸੋਮੇ ਬਚਾਓ, ਸਭ ਲਈ ਖੁਸ਼ਹਾਲੀ ਲਿਆਓ ਦੇ ਉਦੇਸ਼ ਨਾਲ ਲਗਾਏ ਇਸ ਕਿਸਾਨ ਮੇਲੇ ਵਿੱਚ ਉਘੇ ਅਰਥ ਸਾਸ਼ਤਰੀ ਅਤੇ ਚੇਅਰਮੈਨ, ਪੰਜਾਬ ਰਾਜ ਕਿਸਾਨ ਅਤੇ ਖੇਤ ਮਜ਼ਦੂਰ ਕਮਿਸ਼ਨ, ਡਾ. ਸੁਖਪਾਲ ਸਿੰਘ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਇਸ ਮੌਕੇ ਯੂਨੀਵਰਸਿਟੀ ਦੇ ਵੱਖ ਵੱਖ ਵਿਭਾਗਾਂ ਦੇ ਮੁਖੀ, ਤਕਨੀਕੀ ਮਾਹਰ ਅਤੇ ਡੀਨ ਡਾਇਰੈਕਟਰ ਵੀ ਸ਼ਾਮਲ ਹੋਏ।

ਕਿਸਾਨਾਂ ਨੂੰ ਸੰਬੋਧਨ ਕਰਦਿਆਂ ਡਾ. ਸੁਖਪਾਲ ਸਿੰਘ ਨੇ ਕਿਹਾ ਕਿ ਪੀ.ਏ.ਯੂ. ਦੇ ਕਿਸਾਨ ਮੇਲੇ ਖੇਤੀ ਗਿਆਨ ਵਿਗਿਆਨ ਨੂੰ ਕਿਸਾਨਾਂ ਦੀਆਂ ਬਰੂਹਾਂ ਤੱਕ ਪਹੁੰਚਾਉਣ ਵਿੱਚ ਅਹਿਮ ਯੋਗਦਾਨ ਅਦਾ ਕਰਦੇ ਹਨ। ਉਨ੍ਹਾਂ ਕਿਹਾ ਕਿ ਹਰੀ ਕ੍ਰਾਂਤੀ ਲਿਆ ਕੇ ਦੇਸ਼ ਦੇ ਅੰਨ-ਭੰਡਾਰ ਨੂੰ ਭਰਪੂਰ ਕਰਨ ਵਿੱਚ ਪੀ.ਏ.ਯੂ. ਵਿਗਿਆਨੀਆਂ ਅਤੇ ਪੰਜਾਬ ਦੇ ਕਿਸਾਨਾਂ ਨੇ ਵੱਡੀ ਭੂਮਿਕਾ ਨਿਭਾਈ ਹੈ।






ਡਾ. ਸੁਖਪਾਲ ਸਿੰਘ ਨੇ ਕਿਹਾ ਕਿ ਪੰਜਾਬ ਦੀ ਜਰਖੇਜ਼ ਧਰਤੀ ਹਰ ਤਰ੍ਹਾਂ ਦੀ ਫ਼ਸਲ ਪੈਦਾ ਕਰਨ ਦੇ ਸਮਰੱਥ ਹੈ ਪਰ ਬਹੁਤੀਆਂ ਫ਼ਸਲਾਂ ਦੇ ਵਾਜਬ ਮੁੱਲ ਨਾ ਮਿਲਦੇ ਹੋਣ ਕਾਰਨ ਅੱਜ ਸਾਡਾ ਕਿਸਾਨ ਆਰਥਿਕ ਚੁਣੌਤੀਆਂ ਦਾ ਸਾਹਮਣਾ ਕਰਦਾ ਹੋਇਆ ਖੇਤੀ ਨੂੰ ਤਿਆਗ ਕੇ ਵਿਦੇਸ਼ਾਂ ਵਿੱਚ ਪ੍ਰਵਾਸ ਕਰ ਰਿਹਾ ਹੈ। ਸੂਬੇ ਦੇ ਕਿਸਾਨ ਨੂੰ ਇਸ ਆਰਥਿਕ ਸੰਕਟ ਵਿਚੋਂ ਕੱਢਣ ਲਈ ਉਨ੍ਹਾਂ ਦੱਸਿਆ ਕਿ ਕਿਸਾਨਾਂ, ਮਾਹਿਰਾਂ ਅਤੇ ਹੋਰ ਲਾਭ-ਪਾਤਰੀਆਂ ਦੇ ਸਲਾਹ-ਮਸ਼ਵਰੇ ਨਾਲ ਕਿਸਾਨ ਪੱਖੀ ਖੇਤੀ ਨੀਤੀ ਤਿਆਰ ਕੀਤੀ ਜਾ ਚੁੱਕੀ ਹੈ, ਜਿਸ ਦੇ ਲਾਗੂ ਹੋਣ ਨਾਲ ਕਿਸਾਨਾਂ ਦੀਆਂ ਵੱਡੀਆਂ ਸਮੱਸਿਆਵਾਂ ਦੇ ਹੱਲ ਹੋਣ ਦੀ ਉਮੀਦ ਹੈ। ਖੇਤੀ ਨੀਤੀ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਇਸ ਨੀਤੀ ਵਿੱਚ ਕਿਸਾਨਾਂ ਦੀ ਸਿਹਤ, ਖੇਤੀ ਉਤਪਾਦਨ ਅਤੇ ਆਮਦਨ ਵਧਾਉਣ ਵਰਗੇ ਸਾਰੇ ਪੱਖਾਂ ਨੂੰ ਲਿਆ ਗਿਆ ਹੈ, ਜਿਨ੍ਹਾਂ ਨੂੰ ਨਿੱਠ ਕੇ ਪੜਨ ਅਤੇ ਵਿਚਾਰਨ ਦੀ ਲੋੜ ਹੈ। ਕਣਕ ਝੋਨੇ ਦੇ ਫ਼ਸਲੀ ਚੱਕਰ ਨੂੰ ਤਿਆਗ ਕੇ ਖੇਤੀ ਵੰਨ-ਸੁਵੰਨਤਾ ਤੇ ਜ਼ੋਰ ਦਿੰਦਿਆਂ ਉਨ੍ਹਾਂ ਕਿਹਾ ਕਿ ਕੁਦਰਤੀ ਸੋਮਿਆਂ ਨੂੰ ਆਉਣ ਵਾਲੀਆਂ ਪੀੜ੍ਹੀਆਂ ਲਈ ਬਚਾਅ ਕੇ ਰੱਖਣਾ ਸਾਡਾ ਮੁੱਢਲਾ ਫ਼ਰਜ਼ ਹੈ ਅਤੇ ਜਿੰਨੀ ਤੇਜ਼ੀ ਨਾਲ ਅੱਜ ਧਰਤੀ ਹੇਠਲੇ ਪਾਣੀ ਦੇ ਪੱਧਰ ਵਿੱਚ ਗਿਰਾਵਟ ਆ ਰਹੀ ਹੈ ਉਹ ਸਾਡੇ ਸਾਰਿਆਂ ਲਈ ਗੰਭੀਰ ਚਿੰਤਾ ਦਾ ਵਿਸ਼ਾ ਹੈ।

BEW
KSA
ਕਿਸਾਨ ਖੁਸ਼ਹਾਲ ਤਾਂ ਦੇਸ਼ ਖੁਸ਼ਹਾਲ
4 IN 1 COMBO
BEW ਸੁਪਰ ਸੀਡਰ

• ਲੋਨ ਉਪਲੱਬਧ
• ਪਾਉਡਰ ਕੋਟਿੰਗ ਪੇਂਟ
• ਸਬਸਿਡੀ ਉਪਲੱਬਧ
• ਪੇਟੈਂਟ ਡਿਜਾਇਨ
• ਬੁਕਿੰਗ ਸ਼ੁਰੂ
TOLL FREE NUMBER 1800-120-004455
• KS AGROTECH PVT. LTD.
• BHAGWAN ENGINNERING WORKS
• KS POWERTECH PVT. LTD.
• KS AGRICULTURAL INDUSTRIES PVT. LTD.
Raikot Road, Malerkotla - 148023, Distt. Sangrur Punjab
M. : 92170-70755, 92170-71755
E-mail : sales@ksagrotech.org, Info@ksagrotech.org
www.ksagrotech.org, www.bewindia.co

## 27 ਸਤੰਬਰ ਨੂੰ ਖੇਤਰੀ ਖੋਜ ਕੇਂਦਰ, ਬਠਿੰਡਾ ਵਿਖੇ ਲੱਗੇ ਕਿਸਾਨ ਮੇਲੇ ਦੀਆਂ ਝਲਕੀਆਂ





































